
Posting Date
01 ਸਤੰਬਰ 2014


# ਅੰਮ੍ਰਿਤ ਕੀਰਤਨ



ਸੋਭਾ ਸਿੰਘ ਜੀ ਦੀ ਅਦੁੱਤੀ ਕਲਾਕ੍ਰਿਤੀ - ਗੁਰੂ ਹਰਿਕ੍ਰਿਸ਼ਨ ਜੀ (ਲੇਖ ਪੰਨਾ : 10)

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



# ਪੈਂਤੀ ਅੱਖਰੀ-ਕਾਫ਼ੀਆਂ

## ਲ

ਲਾਹਨਤ ਬੰਦਿਆ ਤੈਨੂੰ ਸਦ ਹੀ,
ਨਾ ਜਪਿਆ ਨਾਮ ਸਵੇਰੇ ਹੂ।

ਪ੍ਰਾਤਾਕਾਲ ਇਸ਼ਨਾਨ ਨਾ ਕੀਤਾ
ਨਾ ਧੋਤਾ ਮੁੱਖ-ਮੁਖੇਰੇ ਹੂ।

ਸੂਰਜ ਚੜ੍ਹਦੇ ਉੱਠ ਹੈਂ ਬਹਿੰਦਾ,
ਐਸੇ ਲੱਖਣ ਤੇਰੇ ਹੂ।

ਸੰਤੋਖ ਸਾਂਈ ਨੂੰ ਯਾਦ ਨਾ ਕੀਤਾ
ਪੁੱਟਣ ਪੈਸਣ ਡੇਰੇ ਹੂ।

ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ
ਸਹਿਯੋਗੀ
ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ
ਆਨਰੇਰੀ ਸਲਾਹਕਾਰ
ਸ: ਹਰਚੰਦਨ ਸਿੰਘ

- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

Type Setting & Designed by :
Rajpreet Singh Khural - 9915545084

## ਇਸ ਅੰਕ ਵਿਚ

ਕਰਉ ਬੇਨੰਤੀਆ - ਨਾਨਕ ਕੀ ਮਲਹਾਰ 5
ਗੁਰਮਤਿ ਸੰਗੀਤ ਵਿਚ ਰਾਗ ਵਡਹੰਸ 7
ਡਾ. ਗੁਰਨਾਮ ਸਿੰਘ 7
ਗੁਰੂ ਹਰਕ੍ਰਿਸ਼ਨ ਚਿਤਰਕਾਰ ਸੋਭਾ ਸਿੰਘ
ਜਗਤਾਰਜੀਤ ਸਿੰਘ 10
ਗੁਰਮਤਿ ਸੰਗੀਤ ਦੇ ਅਨਿਨ ਸੇਵਕ : ਡਾ. ਗੁਰਨਾਮ ਸਿੰਘ
ਕੁਲਵਿੰਦਰ ਸਿੰਘ 15
Book Review - Bhagauti Of Guru Gobind Singh
Dr. Harpreet Kaur 18
ਸੁਰ ਦਾ ਅਸਰ
ਡਾ. ਨਿਵੇਦਿਤਾ ਸਿੰਘ 21
ਗੁਰਮਤਿ ਸੰਗੀਤ ਪ੍ਰਚਾਰਕ- ਪ੍ਰਿੰਸੀਪਲ ਅਵਤਾਰ ਸਿੰਘ 'ਹੰਸ'
ਸੁਰਜੀਤ ਸਿੰਘ (ਦਿਲਜੋਤ) 24
ਸੁਰ ਲਿਪੀ - ਰਾਗ ਰਾਮਕਲੀ 25
ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ 26

### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੇਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ✉ ਮਿਤ੍ਰ ਅਸਾਡੜੇ ਸੇਈ

(ਇਕ ਪੁਰਾਣਾ ਪੱਤਰ)

ਅਗਸਤ ਦਾ ਅੰਮ੍ਰਿਤ ਕੀਰਤਨ ਪ੍ਰਾਪਤ ਹੋਇਆ। "ਕਰਉ ਬੇਨੰਤੀਆ" ਕਾਲਮ ਵਿਚ ਡਾ. ਜਾਗੀਰ ਸਿੰਘ ਜੀ ਵੱਲੋਂ ਜ਼ਰੂਰੀ ਕੰਮ ਵਿਚਾਰ ਬਹੁਤ ਹੀ ਚੰਗੇ ਹਨ। ਗੁਰਨਾਮ ਸਿੰਘ ਡਾ. ਵੱਲੋਂ ਲਿਖਿਆ ਲੇਖ ਗੁਰਮਤਿ ਸੰਗੀਤ ਵਿਚ ਰਾਗ ਬਿਹਾਗੜਾ ਲੇਖ ਬੇਹੱਦ ਪਸੰਦ ਆਇਆ। ਸਰਬਜੀਤ ਕੌਰ ਜੀ ਦਾ ਲਿਖਿਆ ਲੇਖ ਖੇਤਰੀ ਭਾਸ਼ਾਵਾਂ ਦਾ ਖਿਆਲ ਸ਼ੈਲੀ ਦੇ ਸਾਹਿਤ ਤੇ ਪ੍ਰਭਾਵ ਬੇਹੱਦ ਪਸੰਦ ਆਇਆ। ਡਾ. ਜਤਿੰਦਰ ਕੌਰ ਦਾ ਲਿਖਿਆ ਲੇਖ ਗੁਰੂ ਨਾਨਕ ਦੇਵ ਜੀ ਦਾ ਕੀਰਤਨ ਪਰੰਪਰਾ ਵਿਚ ਯੋਗਦਾਨ, ਇਕਵਾਲ ਸਿੰਘ ਪੱਟੀ ਦੀ ਪੁਸਤਕ ਤਬਲਾ ਸਿਧਾਂਤਕ ਪੱਖ ਬਾਰੇ ਭਾਈ ਅਵਤਾਰ ਸਿੰਘ ਹੰਸ ਵੱਲੋਂ ਜਾਣਕਾਰੀ ਬਹੁਤ ਹੀ ਵਧੀਆ ਸੀ। ਰਾਗ ਮਲਾਰ ਦੀ ਸੁਰਲਿਪੀ ਪ੍ਰਿੰਸੀਪਲ ਦਿਆਲ ਸਿੰਘ ਦੀ ਲਿਖੀ ਅਤੇ ਸ਼ਬਦ ਦੇ ਅਰਥ ਬੇਹੱਦ ਪਸੰਦ ਆਏ। ਸਵਰਨ ਸਿੰਘ ਧਾਰੀਵਾਲ ਵੱਖੋਂ ਅਲੋਪ ਹੋ ਰਹੇ ਸਾਜ ਪਖਾਵਜ ਨੂੰ ਪ੍ਰਫੁੱਲਤ ਕਰਨ ਦਾ ਬੀੜਾ ਚੁੱਕੀ ਬੈਠਾ ਪ੍ਰੋ: ਹਰਭਜਨ ਸਿੰਘ ਜੋ ਕਿ ਬਹੁਤ ਵੱਡਾ ਸ਼ਲਾਘਾਯੋਗ ਕਦਮ ਹੈ।

ਪ੍ਰੋ: ਐੱਮ. ਐੱਸ. ਸਚਦੇਵਾ, ਇੰਡੀਅਨ ਮਿਊਜ਼ਿਕ ਅਕੈਡਮੀ, ਮਾਰਫਤ ਬਲਜਿੰਦਰ ਸਿੰਘ (ਦਾਨੇ ਦੀ ਚੱਕੀ),
ਨੇੜੇ ਗੁ: ਭਾਈ ਜਗਤਾ ਜੀ, ਜੀ. ਟੀ. ਰੋਡ, ਮਲੋਟ

ਅਗਸਤ ਅੰਕ ਵਿਚ ਡਾ. ਜਾਗੀਰ ਸਿੰਘ ਦੁਆਰਾ ਲਿਖਿਆ ਸੰਪਾਦਕੀ 'ਜ਼ਰੂਰੀ ਕੰਮ' ਮੈਨੂੰ ਬਹੁਤ ਹੀ ਜ਼ਿਆਦਾ ਪਸੰਦ ਆਇਆ। ਉਹਨਾਂ ਵੱਲੋਂ ਦੱਸੀਆਂ ਉਦਾਹਰਨਾਂ ਦਿਲ ਨੂੰ ਅੰਦਰ ਤੱਕ ਟੁੰਬੀਆਂ।ਅੱਜ ਦੇ ਦੌਰ ਦੀ ਭੱਜ ਦੌੜ ਅਤੇ ਤੇਜ਼ੀ ਨਾਲ ਗੁਜ਼ਰਦੀ ਜ਼ਿੰਦਗੀ ਵਿਚ ਆਮ ਬੰਦੇ ਕੋਲ ਆਪਣੇ ਬੱਚਿਆਂ ਲਈ ਬਹੁਤ ਹੀ ਘੱਟ ਟਾਈਮ ਬਚਦਾ ਹੈ ਜਿਸ ਕਰਕੇ ਬੱਚਿਆਂ ਅਤੇ ਮਾਪਿਆਂ ਵਿਚ ਦੂਰੀ ਵਧਦੀ ਜਾ ਰਹੀ ਹੈ ਅਤੇ ਪਿਆਰ ਘਟਦਾ ਜਾ ਰਿਹਾ ਹੈ। ਇਸ ਲਈ ਸਾਨੂੰ ਵੀ ਆਪਣੀ ਜ਼ਿੰਦਗੀ ਇਸ ਤਰ੍ਹਾਂ ਵਿਉਂਤਣੀ ਚਾਹੀਦੀ ਹੈ ਕਿ ਉਸ ਵਿਚ ਸੰਤੁਲਨ ਬਣਿਆ ਰਹੇ ਤਾਂ ਕਿ ਅਸੀਂ ਆਪਣੇ ਬੱਚਿਆਂ ਪ੍ਰਤੀ ਅਤੇ ਸਮਾਜ ਪ੍ਰਤੀ ਜੋ ਸਾਡੀਆਂ ਜ਼ਿੰਮੇਵਾਰੀਆਂ ਬਣਦੀਆਂ ਹਨ ਉਹਨਾਂ ਨੂੰ ਅੱਛੀ ਤਰ੍ਹਾਂ ਨਿਭਾਅ ਸਕੀਏ। ਹੋਰ ਸਮੱਗਰੀ ਵਿਚ ਡਾ. ਗੁਰਨਾਮ ਸਿੰਘ ਦੁਆਰਾ ਲਿਖਿਆ ਲੇਖ 'ਗੁਰਮਤਿ ਸੰਗੀਤ ਵਿਚ ਰਾਗ ਬਿਹਾਗੜਾ' ਬਹੁਤ ਹੀ ਜਾਣਕਾਰੀ ਭਰਪੂਰ ਲੱਗਾ। ਇਸ ਤੋਂ ਇਲਾਵਾ ਸਰਬਜੀਤ ਕੌਰ ਜੀ ਵੱਲੋਂ ਲਿਖਿਆ ਲੇਖ 'ਖੇਤਰੀ ਭਾਸ਼ਾਵਾ ਦਾ ਖਿਆਲ ਸ਼ੈਲੀ ਦੇ ਸਾਹਿਤ ਤੇ ਪ੍ਰਭਾਵ' ਵੀ ਬਹੁਤ ਅੱਛਾ ਹੈ।

ਹਰਗੁਣਪ੍ਰੀਤ ਸਿੰਘ, ਮੋਹਾਲੀ, ਮੋਬਾਇਲ : 9915545084

# ਨਾਨਕ ਕੀ ਮਲਹਾਰ

ਗੁਰਮਤਿ ਗਿਆਨ ਗਰੁੱਪ, ਲੁਧਿਆਣਾ ਗੁਰਮਤਿ ਸੰਗੀਤ ਨੂੰ ਸਮਰਪਿਤ ਸੰਸਥਾ ਹੈ। ਇਸ ਨੇ ਬੀਬੀ ਗੁਰਪ੍ਰੀਤ ਕੌਰ ਅਤੇ ਬੀਬੀ ਕੀਰਤ ਕੌਰ ਰਾਹੀਂ ਗਾਇਨ ਕੀਤੇ ਨਿਰਧਾਰਤ ਰਾਗਾਂ ਵਿਚ ਸ਼ਬਦਾਂ ਦੀਆਂ ਅਨੇਕਾਂ ਸੀ. ਡੀ. ਐਲਬਮਾਂ ਪ੍ਰਕਾਸ਼ਤ ਕੀਤੀਆਂ ਹਨ। ਹੁਣੇ ਇਹਨਾਂ ਦੀ ਇਕ ਨਵੀਂ ਸੀ. ਡੀ. ਐਲਬਮ 'ਨਾਨਕ ਕੀ ਮਲਹਾਰ' ਆਈ ਹੈ, ਜੋ ਆਪਣੇ ਆਪ ਵਿਚ ਇਕ ਵਿਲੱਖਣ ਜਤਨ ਹੈ। ਸੀ. ਡੀ. ਉੱਪਰ ਦਿੱਤੀ ਸੂਚਨਾ ਵਿਚ ਦਰਜ ਕੀਤਾ ਹੈ...

"ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਨਾਲ ਸੰਬੰਧਤ ਇਕ ਨਾਮਾਲੂਮ ਰਾਗ 'ਨਾਨਕ ਕੀ ਮਲਹਾਰ' ਨੂੰ ਸਾਂਭਣ ਲਈ ਇਸ ਐਲਬਮ ਵਿਚ ਗਾਈ ਮਲਹਾਰ ਰਾਗ ਵਿਚ ਗੁਰਬਾਣੀ ਨੂੰ 'ਨਾਨਕ ਕੀ ਮਲਹਾਰ' ਨਾਮ ਨਾਲ ਸਮਰਪਤ ਕਰਦੇ ਹਾਂ।

ਰਾਗ ਮਲਹਾਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਦੇ 27ਵਾਂ ਰਾਗ ਹੈ। ਇਹ ਵਰਖਾ ਰੁੱਤ ਦਾ ਰਾਗ ਹੈ। ਸਮੇਂ ਦੇ ਬਹਾਵ ਨਾਲ ਰਾਗ ਮਲਹਾਰ ਦੇ ਵੱਖ ਵੱਖ ਰੂਪ ਹੋਂਦ ਵਿਚ ਆਏ, ਜਿਵੇਂ ਕਿ ਮਲਹਾਰ, ਸ਼ੁੱਧ ਮਲਹਾਰ, ਮੇਘ ਮਲਹਾਰ, ਮੀਆਂ ਕੀ ਮਲਹਾਰ, ਗੌਂਡ ਮਲਹਾਰ, ਮੀਰਾ ਮਲਹਾਰ, ਨਟ ਮਲਹਾਰ, ਦੇਸ ਮਲਹਾਰ, ਰਾਮਦਾਸੀ ਮਲਹਾਰ, ਸੂਰ ਮਲਹਾਰ ਅਤੇ ਕੇਦਾਰ ਮਲਹਾਰ। ਇਕ ਹੋਰ ਬਹੁਤ ਹੀ ਘੱਟ ਜਾਣਿਆ ਗਿਆ ਰਾਗ ਮਲਹਾਰ ਦਾ ਰੂਪ ਹੈ ਜਿਸ ਦੇ ਬਾਰੇ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੇ ਮਾਹਿਰ ਪੰਡਿਤ ਜਸਰਾਜ ਅਤੇ ਪੰਡਿਤ ਵਿਕਾਸ ਕਾਸ਼ਲਕਰ ਨੇ ਜ਼ਿਕਰ ਕੀਤਾ ਹੈ, ਇਸ ਅਪਰਚਿਤ ਰਾਗ ਦਾ ਰੂਪ ਹੈ 'ਨਾਨਕ ਕੀ ਮਲਹਾਰ'। ਇਸ ਨੂੰ ਗੁਰੂ ਨਾਨਕ ਸਾਹਿਬ ਦੀ ਰਚਨਾ ਕਿਹਾ ਜਾਂਦਾ ਹੈ।

ਅਸੀਂ ਸਾਰੇ ਜਾਣਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਦੀ ਰਚਨਾ ਰਾਗਾਂ ਵਿਚ ਕੀਤੀ ਗਈ ਹੈ। ਗੁਰੂ ਸਾਹਿਬਾਨ ਨੇ ਜਿੱਥੇ ਉਸ ਸਮੇਂ ਦੇ ਪ੍ਰਚਲਤ ਰਾਗਾਂ ਦੀ ਵਰਤੋਂ ਕੀਤੀ ਹੈ ਉਥੇ ਕੁਝ ਰਾਗ ਅਤੇ ਉਹਨਾਂ ਦੇ ਪ੍ਰਕਾਰ ਪਹਿਲੀ ਵਾਰ ਵਰਤੇ। ਨਾਲ ਹੀ ਉਹਨਾਂ ਨੇ ਗੁਰਬਾਣੀ ਨੂੰ ਉਹਨਾਂ ਰਾਗਾਂ ਵਿਚ ਗਾਉਣ ਦਾ ਢੰਗ ਵੀ ਦੱਸਿਆ। ਇਸ ਤਰ੍ਹਾਂ ਲਗਦਾ ਹੈ ਉਦੋਂ ਆਮ ਲੋਕਾਂ ਨੂੰ ਸੰਗੀਤ ਦੀ ਜਾਣਕਾਰੀ ਬਹੁਤ ਸੀ। ਜਿਹੜੀ ਐਲਬਮ ਆਪ ਸੰਗਤਾਂ ਦੀ ਭੇਟਾ ਕੀਤੀ ਜਾ ਰਹੀ ਹੈ। ਇਸ ਦੇ ਵਿਚ ਮਲਾਰ ਰਾਗ ਦੀਆਂ ਅਲੱਗ ਅਲੱਗ ਕਿਸਮਾਂ ਵਿਚ ਸ਼ਬਦ ਗਾਇਨ ਕੀਤੇ ਗਏ ਹਨ। ਭਾਰਤੀ ਸੰਗੀਤ ਦੇ ਕੁਝ ਵਿਦਵਾਨਾਂ ਨੇ ਮਲਾਰ ਰਾਗ ਇਕ ਕਿਸਮ ਨੂੰ ਨਾਨਕ ਕੀ ਮਲਹਾਰ ਦਾ ਨਾਮ ਦਿੱਤਾ ਹੈ। ਉਹਨਾਂ ਦਾ ਕਹਿਣਾ ਹੈ ਕਿ ਮਲਹਾਰ

ਰਾਗ ਦੇ ਇਸ ਪ੍ਰਕਾਰ ਦਾ ਗਾਇਨ ਕੇਵਲ ਗੁਰੂ ਨਾਨਕ ਸਾਹਿਬ ਜੀ ਨੇ ਕੀਤਾ ਸੀ। ਹਾਲੇ ਗੁਰਮਤਿ ਸੰਗੀਤ ਵਿਚ ਇਸ ਦਾ ਬਹੁਤਾ ਪ੍ਰਚਲਨ ਨਹੀਂ ਹੋਇਆ। ਗੁਰਮਤਿ ਗਿਆਨ ਗਰੁੱਪ ਦੇ ਇਸ ਉਦਮ ਨਾਲ ਜਿੱਥੇ ਗੁਰਬਾਣੀ ਨੂੰ ਰਾਗਾਂ ਦੀਆਂ ਉਹਨਾਂ ਪੁਰਾਤਨ ਕਿਸਮਾਂ ਵਿਚ ਸੁਣਨ ਦਾ ਮੌਕਾ ਮਿਲਿਆ, ਉਥੇ ਸੰਗੀਤ ਦੀ ਸਮਝ ਰੱਖਣ ਵਾਲਿਆਂ ਲਈ ਇਹ ਐਲਬਮ ਬਹੁਤ ਲਾਹੇਵੰਦ ਹੋਵੇਗੀ।

ਗੁਰਪ੍ਰੀਤ ਕੌਰ ਇਕ ਗਾਇਕ ਅਤੇ ਸੰਗੀਤਕਾਰ ਹਨ। ਉਹਨਾਂ ਦਾ ਰੁਝਾਨ ਗੁਰਬਾਣੀ ਸ਼ਬਦਾਂ ਨੂੰ ਭਾਰਤੀ ਕਲਾਸੀਕਲ ਸੰਗੀਤ ਵਿਚ ਤਿਆਰ ਅਤੇ ਕਾਇਮ ਕਰਨਾ ਹੈ। ਉਹ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਿਖੇ ਗੁਰਮਤਿ ਸੰਗੀਤ ਪੜ੍ਹਾਉਂਦੇ ਵੀ ਹਨ।

ਉਹਨਾਂ ਨੇ ਗੌਰਮਿੰਟ ਕਾਲਜ ਫਾਰ ਵਿਮੈਨ, ਚੰਡੀਗੜ੍ਹ ਤੋਂ ਸੰਗੀਤ ਦੀ ਐੱਮ. ਏ. ਡਿਗਰੀ ਹਾਸਲ ਕੀਤੀ ਹੈ। ਉਹਨਾਂ ਨੇ ਆਪਣੇ ਪਿਤਾ ਡਾ. ਬ੍ਰਿਗੇਡੀਅਰ ਹਰਮਿੰਦਰ ਸਿੰਘ ਤੋਂ ਵੀ ਸੰਗੀਤ ਸਿੱਖਿਆ ਹੈ। ਜੋ ਕਿ ਭਾਰਤੀ ਫੌਜ ਵਿਚ ਡੈਂਟਲ ਸਰਜਨ ਸਨ ਤੇ ਆਪ ਵੀ ਇਕ ਚੰਗੇ ਗਾਇਕ ਸਨ। ਗੁਰਪ੍ਰੀਤ ਕੌਰ ਨੇ ਸੰਗੀਤ ਦੀਆਂ ਬਾਰੀਕੀਆਂ ਪੰਡਿਤ ਸ਼ਰਮਾ ਜੀ ਤੋਂ ਸਿੱਖਿਆਂ ਹਨ। ਉਹਨਾਂ ਦੀ ਪੁੱਤਰੀ ਕੀਰਤ ਕੌਰ ਵੀ ਗਾਇਕ ਹੈ ਅਤੇ ਉਹਨਾਂ ਦੇ ਗੁਰਮਤਿ ਗਿਆਨ ਗਰੁੱਪ ਦਾ ਹਿੱਸਾ ਹੈ।"

ਅਸੀਂ 'ਅੰਮ੍ਰਿਤ ਕੀਰਤਨ' ਵੱਲੋਂ 'ਨਾਨਕ ਕੀ ਮਲਹਾਰ' ਐਲਬਮ ਦਾ ਸਵਾਗਤ ਕਰਦੇ ਹਾਂ।

ਇਹ ਸੀ. ਡੀ. ਪ੍ਰਾਪਤ ਕਰਨ ਲਈ ਸੰਪਰਕ ਕਰੋ :

Gurmat Gian Missionary College, Ludhiana

Dr. Manbir Singh, E: singhmanbir@gmail.com, M : +91 9888 888 393


**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਗੁਰਮਤਿ ਸੰਗੀਤ ਵਿਚ ਰਾਗ ਵਡਹੰਸ

ਡਾ. ਗੁਰਨਾਮ ਸਿੰਘ

ਗੁਰਮਤਿ ਸੰਗੀਤ ਦੇ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਵਡਹੰਸ ਬਾਰੇ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ:

ਸਬਦਿ ਰਤੇ ਵਡ ਹੰਸ ਹੈ ਸਚੁ ਨਾਮੁ ਉਰਿ ਧਾਰਿ ॥

ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ ॥

ਇਸ ਰਾਗ ਦਾ ਅੱਠਵਾਂ ਸਥਾਨ ਹੈ। ਗੁਰਮਤਿ ਸੰਗੀਤ ਮੂਲ ਤੌਰ 'ਤੇ ਸ਼ਾਸਤਰੀ ਸੰਗੀਤ ਤੇ ਲੋਕ ਸੰਗੀਤ ਦਾ ਸੁਮੇਲ ਹੈ ਜਿਸ ਵਿਚ ਪਰਸ਼ੀਅਨ ਮਿਊਜ਼ਿਕ ਤੇ ਦੋਵੇਂ ਭਾਰਤੀ ਸੰਗੀਤ ਪੱਧਤੀਆਂ ਤੋਂ ਇਲਾਵਾ ਭਾਰਤੀ ਕੀਰਤਨ ਪਰੰਪਰਾਵਾਂ ਦੇ ਦੀਦਾਰ ਵੀ ਹੁੰਦੇ ਹਨ ਪਰ ਸਾਰੀਆਂ ਪਿਠਵਰਤੀ ਤੇ ਸਹਿ ਸੰਗੀਤਕ ਪਰੰਪਰਾਵਾਂ ਨੂੰ ਗੁਰਮਤਿ ਸੰਗੀਤ ਵਿਧਾਨ ਦਾ ਅਨੁਸਾਰੀ ਬਣਾਕੇ ਹੀ ਕਾਰਜਸ਼ੀਲ ਕੀਤਾ ਗਿਆ। ਇਥੇ ਕੋਈ ਵੀ ਸੰਗੀਤਕ ਪਰੰਪਰਾ ਆਪਣੀ ਮੂਲ ਧਾਰਾ ਅਨੁਸਾਰ ਵਖਰੀ ਨਹੀਂ ਵਹਿੰਦੀ ਸਗੋਂ ਉਹ ਸ਼ਬਦ ਕੀਰਤਨ ਦੇ ਅੰਗ ਤੇ ਰੰਗ ਵਿਚ ਰੰਗੀਜ ਕੇ ਪ੍ਰਕਾਸ਼ਮਾਨ ਹੁੰਦੀ ਹੈ।

ਗੁਰੂ ਸਾਹਿਬਾਨ ਨੇ ਪੰਜਾਬ ਦੀ ਲੋਕ ਸੰਗੀਤ ਪਰੰਪਰਾ ਦੇ ਦੇਸੀ ਰਾਗਾਂ ਦਾ ਭਰਪੂਰ ਪ੍ਰਯੋਗ ਕੀਤਾ ਹੈ। ਰਾਗਾਂ ਦੇ ਸਿਰਲੇਖ ਕੇਵਲ ਉਲੇਖ ਮਾਤਰ ਨਹੀਂ ਨਾ ਹੀ ਇਹ ਕੇਵਲ ਕਿਸੇ ਪਰੰਪਰਾਗਤ ਰੀਤ ਦਾ ਅਨੁਸਰਣ ਹੈ ਸਗੋਂ ਮੱਧਕਾਲੀਨ ਭਾਰਤੀ ਪਰੰਪਰਾ ਦੇ ਸੰਤਾਂ ਭਗਤਾਂ ਤੇ ਵਿਸ਼ੇਸ਼ ਕਰ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਲਈ ਰਾਗਾਂ ਦੀ ਚੋਣ ਉਨ੍ਹਾਂ ਦੀ ਪ੍ਰਕ੍ਰਿਤੀ ਅਨੁਸਾਰ ਕੀਤੀ। ਅਕਸਰ ਅਜੋਕੇ ਰਾਗ ਦੀ ਪਛਾਣ ਵਿਹੂਣੇ ਵਿਅਕਤੀ ਸੁਆਲ ਕਰਿਆ ਕਰਦੇ ਹਨ ਕਿ ਕੀ ਇਹ ਸਾਰੇ ਸੰਤ ਭਗਤਾਂ ਗੁਰੂਆਂ ਕੋਲ ਰਾਗ ਦੀ ਕੀ ਸਿਖਲਾਈ ਸੀ, ਕਿਥੋਂ ਸਿਖਿਆ। ਸੁਆਲ ਹੈ ਭਾਰਤੀ ਪਰੰਪਰਾ 'ਚੋਂ ਕਿਉਂ ਉਸ ਸਮੇਂ ਸੰਗੀਤ ਨੂੰ ਰਾਗ ਦੁਆਰਾ ਪਛਾਣਨ ਦੀ ਵਿਧੀ ਸੀ। ਹੁਣ ਅਸੀਂ ਵੀ ਸਮਕਾਲੀ ਸੰਗੀਤ ਦੀ ਪਛਾਣ ਆਪਣੇ ਅਨੁਭਵ ਤੇ ਪਰੰਪਰਾ 'ਚੋਂ ਹੀ ਕਰਦੇ ਹਾਂ। ਜਿਵੇਂ ਸੰਤਾਂ ਭਗਤਾਂ ਨੂੰ ਬਾਣੀ ਦੀ ਇਲਾਹੀ ਆਮਦ ਹੋਈ ਤਿਵੇਂ ਹੀ ਉਨ੍ਹਾਂ ਇਸ ਦੇ ਸੁਰਾਤਮਕ ਰੂਹਾਨੀ ਰੰਗ ਦੇ ਰੂਪ ਵਿਚ ਰਾਗ ਵੀ ਚੁਣੇ।

ਮਰਦਾਨੇ ਰਬਾਬ ਵਜਾਇਆ ॥

ਰਾਗ ਵਡਹੰਸ ਵਿਚ ਬਾਬੇ ਸਬਦਿ ਉਠਾਇਆ ॥

ਰਾਗੁ ਵਡਹੰਸੁ ॥ ਅਮਲੀ ਅਮਲੁ ਨ ਅੰਮੜੇ ਮਛਲੀ ਨੀਰ ਨ ਹੋਇ ॥

ਇਸ ਤਰ੍ਹਾਂ ਦੇ ਅਨੇਕ ਹਵਾਲੇ ਸ਼ਬਦ ਤੇ ਰਾਗ ਦੇ ਗਹਿਰੇ ਤੇ ਅਨਿਖੜ ਸਬੰਧ ਨੂੰ ਪ੍ਰਗਟਾਉਂਦੇ ਤੇ ਦ੍ਰਿੜਾਉਂਦੇ ਹਨ। ਰਾਗਾਂ ਦੀ ਸਮਝ ਜਾਂ ਇਨ੍ਹਾਂ ਬਾਰੇ ਅਗਿਆਨਤਾ ਸਾਡੀ ਸਮਸਿਆ ਹੋ ਸਕਦੀ ਹੈ ਸਾਡੀ ਵਿਰਾਸਤੀ ਪਰੰਪਰਾ ਦੀ ਨਹੀਂ।

ਗੁਰੂ ਸਾਹਿਬ ਨੇ ਤਾਂ ਕੇਵਲ ਰਾਗ ਸਿਰਲੇਖ ਹੀ ਨਹੀਂ ਦਿਤੇ ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰਾਗਾਤਮਕ ਸੰਕਲਨ ਕਰਕੇ ਇਕ ਨਿਸ਼ਚਤ ਸੰਗਤਿ ਵਿਧਾਨ ਦਿਤਾ ਜਿਸ ਦੇ ਅਨੁਸਾਰੀ ਹੋ ਸ਼ਬਦ ਭਾਵ ਬਾਣੀ ਦਾ ਕੀਰਤਨ ਕਰਨਾ ਹੈ। ਇਸੇ ਉਦੇਸ਼ ਲਈ ਸਨਾਤਨੀ ਤੇ ਦੇਸੀ ਰਾਗਾਂ ਦਾ ਪ੍ਰਯੋਗ ਹੋਇਆ ਅਤੇ ਵਡਹੰਸ ਵੀ ਇਸ ਦੇਸੀ ਰਾਗ ਪਰੰਪਰਾ ਦਾ ਵਿਸ਼ੇਸ਼ ਰਾਗ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਅੱਠਵਾਂ ਰਾਗ ਹੈ ਜੋ ਕਿ ਪੰਨਾ ੫੫੭ 'ਤੇ ਅੰਕਿਤ ਹੈ। ਭਗਤਾਂ ਦੀ ਬਾਣੀ ਇਸ ਰਾਗ ਵਿਚ ਨਹੀਂ ਮਿਲਦੀ। ਪ੍ਰਥਮ ਗੁਰੂ ਨਾਨਕ ਦੇਵ ਜੀ ਨੇ ਇਸ ਰਾਗ ਵਿਚ ਪਦੇ, ਛੰਤ, ਅਲਾਹੁਣੀਆਂ ਦਾ ਉਚਾਰਣ ਕੀਤਾ। ਤੀਸਰੇ ਗੁਰੂ ਅਮਰਦਾਸ ਜੀ ਨੇ ਪਦੇ, ਛੰਤ, ਅਲਾਹੁਣੀਆਂ, ਚੌਥੇ ਗੁਰੂ ਰਾਮਦਾਸ ਜੀ ਨੇ ਪਦੇ, ਛੰਤ, ਘੋੜੀਆਂ, ਵਾਰ ਅਤੇ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਪਦੇ, ਬਾਣੀ ਰਚਨਾਵਾਂ ਦੀ ਰਚਨਾ ਕੀਤੀ। ਅਲਾਹੁਣੀਆਂ ਤੇ ਘੋੜੀਆਂ ਦੋ ਪੰਜਾਬੀ ਲੋਕ ਸੰਗੀਤ ਰੰਗਾਂ ਦਾ ਪ੍ਰਯੋਗ ਇਸ ਰਾਗ ਵਿਚ ਹੀ ਮਿਲਦਾ ਹੈ। ਅਲਾਹੁਣੀਆਂ ਕਿਸੇ ਦੀ ਮੌਤ ਸਮੇਂ ਗਾਈਆਂ ਜਾਂਦੀਆਂ ਹਨ ਅਤੇ ਘੋੜੀਆਂ ਵਿਆਹ ਸਮੇਂ ਗਾਈਆਂ ਜਾਂਦੀਆਂ ਹਨ। ਉਦਾਹਰਣ ਲਈ ਗੁਰਮਤਿ ਸੰਗੀਤ ਦੀ ਕੀਰਤਨ ਪਰੰਪਰਾ ਵਿਚ ਇਨ੍ਹਾਂ ਨੂੰ ਅਕਾਲ ਚਲਾਣੇ ਦੀ ਕੀਰਤਨ ਚੌਕੀ ਅਤੇ ਆਨੰਦ ਕਾਰਜ ਕੀਰਤਨ ਚੌਕੀ ਦਾ ਅਨਿਖੜ ਅੰਗ ਬਣਾਇਆ ਗਿਆ ਹੈ।

ਇਸ ਸਬੰਧ ਵਿਚ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਗੁਰੂ ਰਾਮ ਦਾਸ ਜੀ ਜੋਤੀ ਜੋਤਿ ਸਮਾਉਣ ਦਾ ਇਕ ਹਵਾਲਾ ਉਲੇਖਯੋਗ ਹੈ:

ਦੋਹਰਾ ਵਡਹੰਸ ਵਾਰ ਪ੍ਰਿਥਮੇ ਪੜੋ ਪੁਨਿ ਮਾਰੂ ਪੜ੍ਹਿ ਵਾਰ॥

ਰਾਗ ਰਬਾਬੀ ਅਧਿਕ ਤਹਿ ਚੌਕੀ ਕਰੈ ਅਪਾਰ॥ ੯੨੩॥

– ਭਾਈ ਬੁੱਢਾ ਲਾਇ ਦੀਵਾਨ॥

ਸੁਨਤ ਸ਼ਬਦ ਮਾਰੂ ਧਰ ਧਿਆਨ॥ ੭੮੦॥

ਦੋਹਰਾ ਸਾਹਿਬ ਬੁੱਢੇ ਯੌਂ ਕਹਾ ਅਲਾਣੀ ਪੜ੍ਹੋ ਸੁਹਾਇ॥

ਰਬਾਬੀ ਰਾਗ ਮਿਲਾਇ ਕੈ ਪੜ੍ਹੀ ਅਧਿਕ ਚਿਤ ਲਾਇ॥ ੯੨੬॥

ਗੁਰਮਤਿ ਸੰਗੀਤ ਵਿਚ ਵਡਹੰਸ ਰਾਗ ਨੂੰ ਖਮਾਜ ਥਾਟ ਦੇ ਅੰਤਰਗਤ ਰਖਿਆ ਗਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਵਡਹੰਸ ਰਾਗ ਸਬੰਧੀ ਲਿਖਦੇ ਹਨ, ਇਹ ਖਮਾਚ ਥਾਟ ਦਾ ਸੰਪੂਰਨ ਰਾਗ ਹੈ, ਇਸ ਰਾਗ ਵਿਚ ਨਿਸ਼ਾਦ ਦੋਵੇਂ ਲਗਦੇ ਹਨ, ਬਾਕੀ ਸ਼ੁੱਧ ਸੁਰ ਲਗਦੇ ਹਨ, ਪੰਚਮ ਵਾਦੀ ਅਤੇ ਰਿਸ਼ਭ ਸੰਵਾਦੀ ਹੈ; ਇਸ ਦਾ ਸਰੂਪ ਰਾਗ ਬਰਵੇ ਨਾਲ ਮੇਲ ਖਾਂਦਾ ਹੈ। ਵਡਹੰਸ ਨੂੰ 'ਦਿਨ ਦਾ ਦੇਸ' ਵੀ ਕਿਹਾ ਜਾਂਦਾ ਹੈ। ਗਾਇਨ ਸਮਾਂ ਦਿਨ ਦਾ ਦੂਜਾ ਪਹਿਰ ਅਤੇ ਰਾਤ ਦਾ ਦੂਜਾ ਪਹਿਰ ਵੀ ਲਿਖਿਆ ਗਿਆ ਹੈ। ਸੰਸਕ੍ਰਿਤ ਗ੍ਰੰਥਾਂ ਵਿਚ ਇਸ ਨੂੰ 'ਵਡਹੰਸਿਕਾ' ਨਾਮ ਦਿਤਾ ਗਿਆ ਹੈ।

ਗੁਰਮਤਿ ਸੰਗੀਤ ਦੇ ਆਚਾਰੀਆ ਪ੍ਰੋ. ਤਾਰਾ ਸਿੰਘ, ਗਿਆਨ ਸਿੰਘ ਐਬਟਾਬਾਦ, ਭਾਈ ਅਵਤਾਰ ਸਿੰਘ – ਗੁਰਚਰਨ ਸਿੰਘ ਅਤੇ ਰਾਗ ਨਿਰਣਾਇਕ ਕਮੇਟੀ ਅਤੇ ਵਰਤਮਾਨ ਗੁਰਮਤਿ ਸੰਗੀਤ ਵਿਦਵਾਨਾਂ ਨੇ

ਵਡਹੰਸ ਨੂੰ ਖਮਾਜ ਥਾਟ ਦਾ ਰਾਗ ਸਵੀਕਾਰਿਆ ਹੈ। ਇਸ ਦੇ ਆਰੋਹ ਵਿਚ ਗੰਧਾਰ ਸੁਰ ਨੂੰ ਵਰਜਿਤ ਰਖਿਆ ਹੈ ਜਿਸ ਕਾਰਨ ਇਸ ਦੀ ਜਾਤੀ ਸ਼ਾੜਵ-ਸੰਪੂਰਨ ਮੰਨੀ ਗਈ ਹੈ। ਇਸ ਵਿਚ ਵਾਦੀ ਸੁਰ ਪੰਚਮ, ਸੰਵਾਦੀ ਰਿਸ਼ਭ ਹੈ। ਇਸ ਵਿਚ ਦੋਵੇਂ ਨਿਸ਼ਾਦ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਇਸ ਦਾ ਗਾਇਨ ਸਮਾਂ ਦੁਪਹਿਰ ਦਾ ਮੰਨਿਆ ਗਿਆ ਹੈ।

ਆਰੋਹ : ਸ ਰੇ ਮ ਪ, ਧ ਨੀ (ਕੋਮਲ) ਪ, ਨੀ ਸਂ (ਤਾਰ ਸਪਤਕ), ਅਵਰੋਹ : ਸਂ (ਤਾਰ ਸਪਤਕ), ਨੀ (ਕੋਮਲ) ਪ, ਧ ਮ ਗ ਰੇ, ਸ ਨੀ (ਮੰਦਰ ਸਪਤਕ) ਸ, ਮੁੱਖ ਅੰਗ : ਸ ਰੇ ਮ ਪ ਨੀ (ਕੋਮਲ) ਪ, ਧ ਮ ਗ ਰੇ, ਸ ਨੀ (ਮੰਦਰ ਸਪਤਕ) ਪ ਨੀ (ਮੰਦਰ ਸਪਤਕ) ਸ।

ਵਡਹੰਸ ਰਾਗ ਦਾ ਸਮਪ੍ਰਕ੍ਰਿਤਿਕ ਰਾਗ ਦੇਸ ਹੈ। ਇਸ ਤੋਂ ਇਲਾਵਾ ਇਸ ਰਾਗ ਵਿਚ ਤਿਲਕ ਕਾਮੋਦ ਤੇ ਬਰਵਾ ਰਾਗਾਂ ਦੀ ਛਾਇਆ ਵੀ ਮਿਲਦੀ ਹੈ।

ਵਡਹੰਸ ਦਾ ਇਕ ਦਖਣੀ ਰੂਪ ਵਡਹੰਸ ਦੱਖਣੀ ਵੀ ਗੁਰਬਾਣੀ ਵਿਚ ਪ੍ਰਯੋਗ ਕੀਤਾ ਗਿਆ ਹੈ ਜੋ ਪੰਨਾ ੫੮੦ ਉਪਰ ਅੰਕਿਤ ਹੈ। ਇਸ ਰਾਗ ਦੇ ਨਾਮ ਤੋਂ ਹੀ ਸਪਸ਼ਟ ਹੁੰਦਾ ਹੈ ਕਿ ਇਹ ਰਾਗ ਉੱਤਰ ਭਾਰਤੀ ਪੱਧਤੀ ਦਾ ਨਾ ਹੋ ਕੇ ਦੱਖਣੀ ਭਾਰਤੀ ਸੰਗੀਤ ਪੱਧਤੀ ਦਾ ਰਾਗ ਹੈ। ਇਸ ਰਾਗ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਗੁਰੂ ਨਾਨਕ ਦੇਵ ਜੀ ਦਾ ਇਕ ਸ਼ਬਦ ਪੰਨਾ ੫੮੦ ਉਪਰ ਵਡਹੰਸ ਮਹਲਾ ੧ ਦਖਣੀ ਦੇ ਸਿਰਲੇਖ ਅਧੀਨ ਦਰਜ ਹੈ।

ਗੁਰਮਤਿ ਸੰਗੀਤ ਪਰੰਪਰਾ ਵਿਚ ਇਸ ਰਾਗ ਦੀ ਉਤਪਤੀ ਦੱਖਣੀ ਭਾਰਤ ਵਿਚ ਪ੍ਰਚਲਿਤ ਰਾਗ ਬਾਲਹੰਸ ਤੋਂ ਮੰਨੀ ਗਈ ਹੈ ਜਿਸ ਨੂੰ ਦੱਖਣੀ ਪੱਧਤੀ ਦੇ ਪ੍ਰਸਿੱਧ ਮੇਲ ਹਰਿਕਾਂਭੋਜੀ ਦੇ ਅੰਤਰਗਤ ਮੰਨਿਆ ਗਿਆ ਹੈ। ਇਸ ਦੀ ਜਾਤੀ ਔੜਵ-ਵਕਰ ਸੰਪੂਰਣ ਮੰਨੀ ਗਈ ਹੈ। ਇਸ ਦਾ ਵਾਦੀ ਸੁਰ ਪੰਚਮ ਅਤੇ ਸੰਵਾਦੀ ਸੁਰ ਸ਼ੜਜ ਮੰਨਿਆ ਗਿਆ ਹੈ। ਇਸ ਦਾ ਗਾਇਨ ਸਮਾਂ ਦਿਨ ਦਾ ਤੀਸਰਾ ਪਹਿਰ ਮੰਨਿਆ ਜਾਂਦਾ ਹੈ। ਇਸ ਵਿਚ ਨਿਸ਼ਾਦ ਸੁਰ ਕੋਮਲ ਅਤੇ ਬਾਕੀ ਸਾਰੇ ਸੁਰ ਸ਼ੁੱਧ ਵਰਤੇ ਜਾਂਦੇ ਹਨ। ਵਡਹੰਸ ਦੇ ਸਰੂਪ ਨੂੰ ਗੁਰਮਤਿ ਸੰਗੀਤ ਆਚਾਰੀਆ ਪ੍ਰੋਫੈਸਰ ਤਾਰਾ ਸਿੰਘ ਅਤੇ ਰਾਗ ਨਿਰਣਾਇਕ ਕਮੇਟੀ ਅਤੇ ਹੋਰ ਵਿਦਵਾਨਾਂ ਨੇ ਵੀ ਪ੍ਰਵਾਨ ਕੀਤਾ ਹੈ। ਇਨ੍ਹਾਂ ਸਰੋਤਾਂ ਤੋਂ ਇਹ ਰਾਗ ਸਰੂਪ ਵੇਖੇ ਜਾ ਸਕਦੇ ਹਨ।

ਇਸ ਰਾਗ ਨੂੰ ਭਾਈ ਅਵਤਾਰ ਸਿੰਘ, ਭਾਈ ਬਲਬੀਰ ਸਿੰਘ, ਭਾਈ ਬਖਸ਼ੀਸ਼ ਸਿੰਘ, ਡਾ. ਗੁਰਨਾਮ ਸਿੰਘ, ਭਾਈ ਧਰਮ ਸਿੰਘ ਜ਼ਖ਼ਮੀ, ਭਾਈ ਪ੍ਰਿਥੀਪਾਲ ਸਿੰਘ, ਪ੍ਰੋ. ਪਰਮਜੋਤ ਸਿੰਘ, ਪ੍ਰੋ. ਕੁਲਵੰਤ ਸਿੰਘ ਚੰਦਨ ਨੇ ਗਾਇਨ ਕੀਤਾ ਹੈ ਅਤੇ ਇਸ ਰਾਗ ਵਿਚ www.gurmatsangeetpup.com, www.sikh-relics.com, www.jawadditaksal.org, www.sikhsangeet.com, www.vismaadnaad.org ਵੈਬਸਾਈਟਸ 'ਤੇ ਕੀਰਤਨ ਮਿਲਦਾ ਹੈ।

* ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# ਗੁਰੂ ਹਰਕ੍ਰਿਸ਼ਨ ਚਿਤਰਕਾਰ ਸੋਭਾ ਸਿੰਘ

ਜਗਤਾਰਜੀਤ ਸਿੰਘ
ਮੋਬਾਇਲ : 09899091186

ਗੁਰੂ ਹਰਿਕ੍ਰਿਸ਼ਨ (7 ਜੁਲਾਈ, 1656 ਈ:-30 ਮਾਰਚ, 1664) ਸਿੱਖ ਗੁਰੂ ਪਰੰਪਰਾ ਲੜੀ ਦੇ ਅੱਠਵੇਂ ਗੁਰੂ ਹਨ ਜੋ ਅਲਪ ਆਯੂ ਵਿਚ ਸੰਸਾਰ ਤਿਆਗ ਗਏ ਸਨ। ਇਹਨਾਂ ਦੇ ਪਿਤਾ ਗੁਰੂ ਹਰਿ ਰਾਇ (ਸੱਤਵੇਂ ਗੁਰੂ) ਨੇ ਆਪਣੇ ਵੱਡੇ ਲੜਕੇ ਰਾਮ ਰਾਇ ਦੀ ਬਜਾਏ ਹਰਿ ਕ੍ਰਿਸ਼ਨ ਜੀ ਨੂੰ 7 ਅਕਤੂਬਰ 1661 ਈ: ਨੂੰ ਗੁਰ-ਗੱਦੀ ਪ੍ਰਦਾਨ ਕੀਤੀ ਸੀ।

ਰਾਮ ਰਾਇ ਨੂੰ ਇਹ ਵਿਹਾਰ ਅਨੁਚਿਤ ਲਗਾ ਅਤੇ ਇਸ ਦੇ ਖਿਲਾਫ ਆਪ ਨੇ ਮੁਗਲ ਹੁਕਮਰਾਨ ਔਰੰਗਜ਼ੇਬ ਨੂੰ ਮਾਮਲੇ ਵਿਚ ਦਖਲ-ਅੰਦਾਜ਼ੀ ਲਈ ਬੇਨਤੀ ਕੀਤੀ। ਸਿਆਸਤਦਾਨਾਂ ਵਾਸਤੇ ਅਜਿਹੇ ਮੌਕੇ ਸੁਨਿਹਰੀ ਹੁੰਦੇ ਹਨ। ਸੋ, ਔਰੰਗਜ਼ੇਬ ਨੇ ਦੋਹਾਂ ਧਿਰਾਂ ਨੂੰ ਦਿੱਲੀ ਤਲਬ ਕਰ ਲਿਆ।

ਦਿੱਲੀ ਵਿਖੇ ਗੁਰੂ ਹਰਿਕ੍ਰਿਸ਼ਨ ਜੀ ਨੇ ਰਾਜਾ ਜੈ ਸਿੰਘ ਦੇ ਬੰਗਲੇ ਵਿਚ ਆਪਣਾ ਟਿਕਾਣਾ ਕੀਤਾ। ਗੁਰੂ ਸਾਹਿਬ ਖੁਦ ਔਰੰਗਜ਼ੇਬ ਨੂੰ ਨਹੀਂ ਮਿਲੇ ਪਰ ਮੁਗਲ ਰਾਜ ਦੇ ਅਹਿਲਕਾਰ ਗੱਲਬਾਤ ਵਾਸਤੇ ਨਿਰੰਤਰ ਆਉਂਦੇ ਜਾਂਦੇ ਰਹੇ। ਔਰੰਗਜ਼ੇਬ ਨੇ ਆਪਣੇ ਸ਼ਾਹੀ ਫੈਸਲੇ ਅਨੁਸਾਰ ਗੁਰਗੱਦੀ ਉੱਪਰ ਰਾਮਰਾਇ ਦੀ 'ਹੱਕ ਵਾਲੀ ਬੇਨਤੀ' ਨੂੰ ਖਾਰਿਜ ਕਰ ਦਿੱਤਾ।

ਗੁਰੂ ਸਾਹਿਬ ਨੇ ਭਾਵੇਂ ਥੋੜ੍ਹੀ ਸੰਸਾਰ ਉਮਰ ਭੋਗੀ ਇਸ ਦੇ ਬਾਵਜੂਦ ਉਹਨਾਂ ਦੇ ਦੈਵੀ ਪ੍ਰਤਾਪ ਨਾਲ ਜੁੜੀਆਂ ਕਈ ਘਟਨਾਵਾਂ ਸੁਣਨ ਪੜ੍ਹਨ ਨੂੰ ਮਿਲਦੀਆਂ ਹਨ।

ਉਹਨਾਂ ਦੇ ਕਰਮ-ਖੇਤਰ ਨਾਲ ਜੁੜੇ ਦੋ ਵਿਹਾਰ ਜਨ ਮਾਨਸ ਵਿਚ ਡੂੰਘੀ ਤਰ੍ਹਾਂ ਉਤਰੇ ਹੋਏ ਹਨ। ਇਕ, ਆਪਣੀ ਘੱਟ ਉਮਰ ਦੇ ਬਾਵਜੂਦ ਉਹ ਦੁਖੀ-ਬੀਮਾਰ ਵਿਅਕਤੀਆਂ ਦਾ ਭਾਰ ਆਪਣੇ ਉੱਪਰ ਲੈ ਉਹਨਾਂ ਨੂੰ ਦੁੱਖ-ਰੋਗ ਤੋਂ ਮੁਕਤ ਕਰਦੇ ਰਹੇ। ਫਲਸਰੂਪ, ਉਹ ਖੁਦ ਰੋਗ-ਗ੍ਰਸਤ ਹੋ ਗਏ।

ਦੂਜਾ, ਜਦ ਵਿਦਵਾਨਾਂ-ਪੰਡਤਾਂ ਨੇ ਗੁਰੂ ਸਾਹਿਬ ਦੀ ਵਿਦਵਤਾ ਨੂੰ ਲੈ ਕਿੰਤੂ ਕੀਤਾ ਤਾਂ ਇਕ ਗੁੰਗੇ ਨੂੰ ਅਸੀਸ ਦੇ ਕੇ ਉਸ ਦੇ ਮੂੰਹੋਂ ਗੀਤਾ ਦੇ ਅਰਥ ਕਰਵਾ ਕੇ ਸਾਰਿਆਂ ਦੀ ਹੈਂਕੜ 'ਤੇ ਸੱਟ ਮਾਰੀ।

ਇਹਨਾਂ ਘਟਨਾਵਾਂ ਦਾ ਵਿਸਥਾਰ ਸਾਨੂੰ ਰੂਪ-ਚਿਤਰਾਂ ਵਿਚ ਵੀ ਮਿਲਦਾ ਹੈ। ਰੋਗੀਆਂ ਨੂੰ ਰੋਗ ਮੁਕਤ ਕਰਨ ਵਾਲੇ ਘਟਨਾਕ੍ਰਮ ਨੂੰ ਸੋਭਾ ਸਿੰਘ ਨੇ ਪੇਂਟ ਕੀਤਾ ਹੈ ਜਦ ਕਿ ਗੁੰਗੇ ਤੋਂ ਗੀਤਾ ਦੇ ਅਰਥ ਕਰਵਾਉਣ ਵਾਲੀ ਘਟਨਾ ਦਾ ਰੂਪ-ਚਿਤਰ ਜੀ. ਐੱਸ. ਸੋਹਣ ਸਿੰਘ ਨੇ ਤਿਆਰ ਕੀਤਾ ਹੈ।ਹੋਰ ਚਿਤੇਰਿਆਂ ਨੇ ਵੀ, ਇਹਨਾਂ ਵੇਰਵਿਆਂ ਨੂੰ ਸਾਹਮਣੇ ਰੱਖ ਚਿਤਰ ਉਲੀਕੇ ਹੋਣਗੇ। ਪਰ ਉਹ ਸਾਰੇ ਇਹਨਾਂ ਚਿਤੇਰਿਆਂ ਦੀ ਕਲਾ-ਸੂਝ ਤੋਂ ਪਾਰ ਨਹੀਂ ਜਾਂਦੇ।

ਸੋਭਾ ਸਿਘ ਨੇ 1937 ਈ: ਵਿਚ ਗੁਰੂਦੁਆਰਾ ਬੰਗਲਾ ਸਾਹਿਬ ਵਾਸਤੇ ਇਕ ਪੇਂਟਿੰਗ ਤਿਆਰ ਕੀਤੀ ਸੀ ਜਿਸ ਵਿਚ ਗੁਰੂ ਸਾਹਿਬ ਆਪਣੇ ਸਿੰਘਾਸਨ ਉੱਪਰ ਸੁਸ਼ੋਭਿਤ ਹਨ। ਇਹਨਾਂ ਦੇ ਐਨ ਪਿੱਛੇ ਖੜ੍ਹਾ ਇਕ ਸਿੱਖ ਉਹਨਾਂ ਦੇ ਸੀਸ

’ਤੇ ਚਵਰ ਕਰ ਰਿਹਾ ਹੈ। ਮੁਹਰਲੇ ਪਾਸੇ ਚੁਬੱਚਾ ਹੈ ਜਿਸ ਦਾ ਪਾਣੀ ਉਹਨਾਂ ਦੇ ਖੱਬੇ ਪੈਰ ਨੂੰ ਛੂਹ ਰਿਹਾ ਹੈ।

ਗੁਰੂ ਸਾਹਿਬ ਦੇ ਇਲਾਵਾ, ਇਥੇ, ਇਕੋ ਥਾਂ ’ਤੇ ਪੰਦਰਾ ਜਣੇ ਹੋਰ ਹਨ ਜੋ ਸੇਵਕ ਸ਼ਰਧਾਲੂ ਪੁਰਖ, ਇਸਤਰੀ ਅਤੇ ਬੱਚੇ ਰੂਪ ਵਿਚ ਹਾਜ਼ਰ ਹਨ। ਇਹਨਾਂ ਵਿਚ ਬੀਮਾਰ ਲੋਕ ਵੀ ਹਨ ਅਤੇ ਤੰਦਰੁਸਤ ਵੀ। ਆਉਣ ਜਾਣ ਵਾਲੇ ਸ਼ਰਧਾਲੂਆਂ ਵਿਚਾਲੇ ਲਿੰਗ ਜਾਂ ਉਮਰ ਦਾ ਭੇਦ ਨਹੀਂ ਹੈ। ਇਸ ਜਨ-ਸਮੂਹ ਦੀ ਆਪਸੀ ਸਾਂਝ ਹੈ ‘ਆਪਣੇ ਗੁਰੂ ਦੇ ਦਰਸ਼ਨ ਕਰਨੇ।’ ‘ਦਰਸ਼ਨ ਕਰਨੇ’ ਵਿਚ ਲੁਕਵੇਂ ਅਰਥ ਵੀ ਪਏ ਹੋਏ ਹਨ ਕਿ ਦਰਸ਼ਨ ਕਰਨ ਵਾਲੇ ਰੋਗ-ਮੁਕਤ ਹੋ ਜਾਵੇਗਾ।

ਗੁਰੂ ਹਰਿਕ੍ਰਿਸ਼ਨ ਇਹਨਾਂ ਸਾਰਿਆਂ ਨਾਲ ਘਿਰੇ ਹੋਏ ਹਨ। ਏਦਾਂ ਵੀ ਕਹਿ ਸਕਦੇ ਹਾਂ ਦ੍ਰਿਸ਼ ਦੀ ਸਾਰੀ ਗਤੀ ਵਿਧੀ ਇਹਨਾਂ ਦੁਆਲੇ ਹੀ ਸਿਮਟੀ ਹੋਈ ਹੈ। ਸਮੁੱਚੀ ਰਚਨਾ ਦੀ ਖਿੱਚ ਦਾ ਕੇਂਦਰ ਗੁਰੂ ਸਾਹਿਬ ਖੁਦ ਅਤੇ ਉਹਨਾਂ ਸਾਹਮਣੇ ਦਾ ਜਲ ਸਰੋਤ/ਚੁਬੱਚਾ/ਬਾਉਲੀ ਹੈ।

ਦੇਖਣ ਵਾਲੇ ਸਮੁੱਖ ਦੋ ਤੱਤ ਹਨ ਗੁਰੂ ਸਾਹਿਬ ਅਤੇ ਜਲ। ਗੁਰੂ ਸਾਹਿਬ ਦੈਵੀ ਸ਼ਕਤੀਆਂ ਦੇ ਵਰਸੋਏ ਹਨ ਅਤੇ ਇਹ ਮੰਨਿਆ ਜਾਂਦਾ ਹੈ ਕਿ ਜਲ ਪਵਿੱਤਰ ਹੁੰਦਾ ਹੈ ਜੋ ਗੁਰੂ ਦੀ ਚਰਨ-ਛੋਹ ਨਾਲ ‘ਅੰਮ੍ਰਿਤ’ ਹੋ ਗਿਆ ਹੈ।

ਰਚਨਾਕਾਰ ਸੋਭਾ ਸਿੰਘ ਇਹ ਸੰਕੇਤ ਨਹੀਂ ਦਿੰਦੇ ਕਿ ਇਸ ਰਚਨਾ ਦਾ ਸਮਾਂ-ਸਥਾਨ ਕੀ ਹੈ। ਵੇਲਾ ਦਿਨ ਦਾ ਹੈ ਜਿਸ ਦਾ ਸਮਾਂ ਕੋਈ ਵੀ ਹੋ ਸਕਦਾ ਹੈ। ਆਵਾਜਾਈ ਦਸਦੀ ਹੈ ਕਿ ਜੋ ਵੀ ਆਇਆ ਹੈ ਮਕਸਦਵਸ ਆਇਆ ਹੈ। ਜੋ ਮੌਜੂਦ ਹਨ ਉਹਨਾਂ ਤੋਂ ਪਹਿਲਾਂ ਵੀ ਕੁਝ ਆ ਕੇ ਜਾ ਚੁੱਕੇ ਹਨ ਅਤੇ ਇਹਨਾਂ ਦੇ ਬਾਅਦ ਕਿਸੇ ਹੋਰ ਦੀ ਆਉਣ ਦੀ ਸੰਭਾਵਨਾ ਨੂੰ ਨਕਾਰਿਆ ਨਹੀਂ ਜਾ ਸਕਦਾ। ਆਉਣ-ਜਾਣ ਦਾ ਸਿਲਸਿਲਾ ਨਿਰੰਤਰ ਚਲਦਾ ਰਹੇਗਾ, ਇਹ ਅਨੁਮਾਨ ਹੈ।

ਹਰੇਕ ਪੇਂਟਿੰਗ ਇਕ ਇਕਾਈ ਹੁੰਦੀ ਹੈ ਜੋ ਅੱਗੇ ਹੋਰ ਕਈ ਉਪ-ਇਕਾਈਆਂ ਵਿਚ ਵੰਡੀ ਹੁੰਦੀ ਹੈ ਜਾਂ ਕਿਸੇ ਸਾਰਥਕ ਅਰਥ ਤਕ ਪਹੁੰਚਣ ਲਈ ਪੇਂਟਿੰਗ ਨੂੰ ਉੱਪ-ਇਕਾਈਆਂ ਵਿਚ ਵੰਡ ਸਕਦੇ ਹਾਂ।

ਇਹਨਾਂ ਦੇ ਮੇਲ, ਸੰਤੁਲਨ, ਆਪਸੀ ਲੈਣ-ਦੇਣ ਕਾਰਨ ਹੀ ਵੱਡੀ, ਬੱਝਵੀਂ ਇਕਾਈ ਹੋਂਦ ਵਿਚ ਆਉਂਦੀ ਹੈ।

ਗੁਰੂ ਸਾਹਿਬ ਦੇ ਐਨ ਖੱਬੇ ਪਰ ਥੋੜ੍ਹਾ ਜਿਹਾ ਪਿਛਾਂਹ ਵਲ ਇਕ ਬੀਬੀ ਬੈਠੀ ਹੈ। ਸਿੱਖ ਇਤਿਹਾਸ ਵੱਲ ਜੇ ਨਿਗਾਹ ਫੇਰੀ ਜਾਏ ਤਾਂ ਪਤਾ ਚਲਦਾ ਹੈ ਕਿ ਦਿੱਲੀ ਵਲ ਯਾਤਰਾ ਕਰਦੇ ਸਮੇਂ ਗੁਰੂ ਜੀ ਦੇ ਨਾਲ ਸਿੱਖਾਂ ਦੇ ਇਲਾਵਾ ਉਹਨਾਂ ਦੀ ਮਾਤਾ, ਮਾਤਾ ਸੁਲੱਖਣੀ ਵੀ ਸਨ। ਚਿਤਰਕਾਰ ਸੋਭਾ ਸਿੰਘ ਨੇ ਪੇਂਟਿੰਗ ਵਿਚ ਉਹਨਾਂ ਨੂੰ ਘੜੀ ਦੀ ਸੂਈ ਦੀ ਚਾਬੀ ਅਨੁਸਾਰ ਅਗਾਂਹ ਤੋਰਦਿਆਂ ਤਿੰਨ ਵਿਅਕਤੀਆਂ ਦਾ ਸਮੂਹ ਹੈ। ਦੋ ਜਣੇ ਬੀਮਾਰ ਵਿਅਕਤੀ ਨੂੰ ਚੁੱਕ ਕੇ ਗੁਰੂ ਜੀ ਦੇ ਕੋਲ, ਉਹਨਾਂ ਦੇ ਦਰਸ਼ਨ ਹਿਤ, ਲਿਆਏ ਹਨ। ਬੀਮਾਰ ਵਿਅਕਤੀ ਬਾਕੀ ਦੋ ਵਿਅਕਤੀਆਂ ਦੇ ਮੁਕਾਬਲੇ ਬਿਰਧ ਹੈ। ਬੀਮਾਰ ਕਮਜ਼ੋਰ ਵੀ ਹੈ ਅਤੇ ਗ਼ਰੀਬੀ ਦਾ ਸਰਾਪਿਆ ਲਗਦਾ ਹੈ। ਉਸ ਨੂੰ ਇਸ ਥਾਂ ਚੁੱਕ ਕੇ ਲਿਆਉਣ ਵਾਲੇ ਹਾਲੇ ਵੀ ਉਸ ਦੀ ਦੇਖ-ਰੇਖ ਕਰ ਰਹੇ ਹਨ। ਉਹਨਾਂ ਦੇ ਆਸ ਪਾਸ ਕੀ ਹੋ ਰਿਹਾ ਹੈ, ਉਹ ਬੇਖਬਰ ਹਨ। ਬਿਲਕੁਲ ਉਹਨਾਂ ਦੇ ਕਰੀਬ ਵਾਲਾ ਕਿਸ ਸਥਿਤੀ ਵਿਚ ਹੈ, ਕੀ ਕਰ ਰਿਹਾ ਪ੍ਰਤੀ ਉਹ ਉਦਾਸੀਨ ਹਨ। ਹਾਲਤ ਬੇਚੈਨ ਕਰਨ ਵਾਲੀ ਹੈ। ਦੁਖੀ ਆਪਣੇ ਦੁੱਖ ਵਿਚ ਸੁੱਧ ਲੈਣੀ ਤਾਂ ਇਕ ਪਾਸੇ ਉਸ ਵੱਲ ਨਿਗਾਹ ਵੀ ਨਹੀਂ ਘੁਮਾਈ ਗਈ।

ਇਹ ਗੁਣ-ਲੱਛਣ ਚਿਤਰ ਦੀਆਂ ਦੂਜੀਆਂ ਇਕਾਈਆਂ ਉੱਪਰ ਵੀ ਲਾਗੂ ਹੁੰਦਾ ਹੈ। ਮਹਿਸੂਸ ਹੁੰਦਾ ਹੈ ਕਿ ਜਿਵੇਂ ਹਰ ਇਕ ਨੇ ਆਪਣੇ ਦੁਆਲੇ ਲਛਮਣ ਲਕੀਰ ਵਾਹੀ ਹੋਈ ਹੈ। ਉਹ ਜੋ ਹੈ ਉਹੀ ‘ਹੱਦ’ ਹੈ। ਉਹ

ਆਪਣੇ ਨਿੱਜੀ ਦੁੱਖ ਸੁੱਖ ਸਮੇਤ ਗੁਰੂ ਕੋਲ ਆਉਂਦਾ ਹੈ ਅਤੇ ਇਹ ਉਮੀਦ ਲੈ ਕੇ ਚਲਿਆ ਜਾਂਦਾ ਹੈ ਕਿ ਉਹ ਰਾਜੀ ਹੋ ਗਿਆ ਹੈ ਜਾਂ ਹੋ ਜਾਵੇਗਾ।

ਆਪਣੇ ਹੀ ਹਿਤ ਪੂਰਤੀ ਵਿਚ ਗੁਆਂਢੀ ਇਕਾਈ ਚਿਤਰ ਨੂੰ ਸੰਗਠਤ ਕਰਨ ਦੇ ਨਾਲੋ ਨਾਲ ਉਸ ਨੂੰ ਮਜ਼ਬੂਤ ਕਿਵੇਂ ਕਰ ਰਹੀਹੈ? ਸਾਰਾ ਚਿਤਰ ਇਕ ਇਕਾਈ ਵਿਚ ਕਿਵੇਂ ਬੱਝਾ ਹੋਇਆ ਹੈ? ਅਸਲੀ ਤੌਰ 'ਤੇ ਹਰ ਉਪ ਇਕਾਈ ਦਾ ਰਿਸ਼ਤਾ ਸਿੱਧਾ ਗੁਰੂ ਨਾਲ ਹੈ ਕਿਸੇ ਹੋਰ ਤੱਤ ਨਾਲ ਨਹੀਂ। ਬਿਰਤਾਂਤ ਅਤੇ ਰੂਪ-ਆਕਾਰ ਨੂੰ ਸੰਗਠਨ ਦੇਣ ਵਾਲੇ ਮੋਟਿਫ ਗੁਰੂ ਹਰਿਕ੍ਰਿਸ਼ਨ ਹਨ ਅਤੇ ਉਹਨਾਂ ਦੀ ਚਰਨ-ਛੋਹ ਪ੍ਰਾਪਤ ਹਨ।

ਅਗਲੀ ਉਪ ਇਕਾਈ ਮਾਂ-ਬੱਚੇ ਵਾਲੀ ਹੈ। ਮਾਂ ਨੇ ਬੱਚੇ ਨੂੰ ਗੋਦੀ ਲਿਆ ਹੋਇਆ ਹੈ, ਜਿਸ ਦੇ ਸੱਜੇ ਹੱਥੀਂ ਨਿੱਕੀ ਗੜ੍ਹਵੀ ਹੈ। ਮਾਂ ਦਾ ਧਿਆਨ ਬੱਚੇ ਉੱਪਰ ਹੈ ਜਦ ਕਿ ਬੱਚਾ ਉਤਸੁਕਤਾ ਨਾਲ ਜਲ ਵਲ ਵੇਖ ਰਿਹਾ ਹੈ। ਮਾਂ ਗੜਵੀ ਚਰਨਾਮਿਤ ਨਾਲ ਭਰ ਬੱਚੇ ਦੇ ਮੂੰਹ ਲਾਉਣ ਦੇ ਆਹਰ ਵਿਚ ਹੈ। ਮਾਂ-ਬੱਚੇ ਦਾ ਪਿਛੋਕੜ ਕੀ ਹੈ, ਬਾਬਤ ਪੇਂਟਰ ਖਾਮੋਸ਼ ਹੈ। ਓਦਾਂ ਇਹ ਪੇਂਟਰ ਦਾ ਮਨੋਰਥ ਵੀ ਨਹੀਂ।

ਗੁਰੂ ਜੀ ਸਮੁੱਖ ਜੋ ਵੀ ਹਾਜ਼ਰ ਹੋਇਆ ਹੈ, ਉਸ ਦੀ ਸਰੀਰਕ ਮੁਦਰਾ ਭਾਵੇਂ ਕੋਈ ਵੀ ਹੋਵੇ ਪਰ ਭਾਵ ਇਕੋ ਹੈ, ਆਪਣੇ-ਆਪ ਨੂੰ ਗੁਰੂ ਸਮੁੱਖ ਨਤਮਸਤਕ ਕਰਨਾ। ਜੀਵਨ ਵਿਚ ਜੇ ਵੱਖਰਤਾ ਹੈ ਤਾਂ ਉਸ ਦੀ ਝਲਕ ਏਥੇ ਵੀ ਹੈ। ਅਗਾਂਹ ਵਧਦਿਆਂ ਜਿਸ ਸ਼ਖਸ ਨਾਲ ਸਾਹਮਣਾ ਹੁੰਦਾ ਹੈ, ਉਹ ਕੱਲਾਕਾਰਾ ਹੈ ਅਤੇ ਉਸ ਨੇ ਪੂਰੀ ਅਕੀਦਤ ਨਾਲ ਗੁਰੂ ਜੀ ਅੱਗੇ ਆਪਣਾ ਸਿਰ ਝੁਕਾਇਆ ਹੋਇਆ ਹੈ। ਥੋੜ੍ਹੀ ਵਿੱਥ ਬਾਅਦ ਇਕ ਬੀਬੀ ਹੈ ਜੋ ਗੋਦ ਚੁੱਕੇ ਨਿੱਕੇ ਬਾਲ ਨੂੰ ਚੂਲੀ ਰਾਹੀਂ ਬਾਲ-ਬੁੱਲ੍ਹਾਂ ਨੂੰ ਚਰਨਾਮਿਤ ਦੀਆਂ ਬੂੰਦਾਂ ਛੂਹਾ ਰਹੀ ਹੈ। ਇਥੋਂ ਤਕ ਪਹੁੰਚਦਿਆਂ ਇਹ ਤਾਂ ਸਿੱਧ ਹੋ ਜਾਂਦਾ ਹੈ ਕਿ ਗੁਰੂ ਦੀ ਚਰਨ ਛੋਹ ਪ੍ਰਾਪਤ ਵਾਲਾ ਜਲ ਸਾਧਾਰਨ ਨਹੀਂ ਹੈ, ਉਹ ਸਾਧਾਰਣ ਰਹਿੰਦਾ ਹੀ ਨਹੀਂ। ਜੇ ਗੁਰੂ ਦਾ ਦਰਸ਼ਨ, ਉਸ ਦੀ ਅਸੀਸ ਦੁੱਖ ਨਿਵਾਰਨ ਦਾ ਕਾਰਨ ਹੋ ਸਕਦੀ ਹੈ ਤਾਂ ਉਹਨਾਂ ਦੀ ਛੋਹ ਪ੍ਰਾਪਤ ਵਸਤ ਵਿਚ ਉਹ ਗੁਣ ਕਿਉਂ ਨਹੀਂ ਆ ਸਕਦਾ।

ਲਗਪਗ ਪਹਿਲੀ ਤਿੰਨ ਵਿਅਕਤੀਆਂ ਦੀ ਇਕਾਈ ਸਾਹਮਣੇ ਇਕ ਹੋਰ ਇਕਾਈ ਹੈ ਜਿੱਥੇ ਤਿੰਨ ਵਿਅਕਤੀ ਦਿਖਾਈ ਦੇਂਦੇ ਹਨ। ਪਰ ਏਥੇ ਹੋ ਰਿਹਾ ਕਾਰਜ ਪਹਿਲਾਂ ਜਿਹਾ ਨਹੀਂ ਹੈ। ਇਕ ਸਿੱਖ ਗੁਰੂ ਦੇ ਦਰਸ਼ਨ ਕਰ ਚੁੱਕੇ ਸ਼ਰਧਲੂਆਂ ਨੂੰ ਸਹਿਜ ਭਾਵ ਨਾਲ ਪ੍ਰਸ਼ਾਦ ਦੇ ਰਿਹਾ ਹੈ। ਇਕ ਬੱਚੀ ਪ੍ਰਸ਼ਾਦ ਲੈਣ ਉਪਰੰਤ ਥੋੜ੍ਹਾ ਹਟਵੀਂ ਖੜ੍ਹੀ ਹੈ ਜਦ ਕਿ ਦੂਸਰੀ ਬੱਚੀ ਉਸ ਨੂੰ ਗ੍ਰਹਿਣ ਕਰ ਰਹੀ ਹੈ। ਇਹੋ ਕਾਰਜ ਤਿੰਨਾਂ ਨੂੰ ਆਪਸ ਵਿਚ ਜੋੜ ਰਿਹਾ ਹੈ। ਇਹ ਸੰਘਣਾ ਕਾਰਜ ਕਈ ਸੰਕੇਤ ਦਿੰਦਾ ਹੈ ਜੇ ਅੱਜੋਕੀ ਸਿੱਖ ਮਰਯਾਦਾ ਵੱਲ ਝਾਤੀ ਮਾਰੀਏ। ਇਥੇ ਗੁਰੂ ਗ੍ਰੰਥ ਦੀ ਬਜਾਏ ਵਿਅਕਤੀ ਗੁਰੂ ਹੈ। ਸ਼ਰਧਾਲੂ ਆਉਂਦੇ ਹਨ, ਦਰਸ਼ਨ ਕਰਦੇ ਹਨ, ਆਪਣੇ ਤੰਦਰੁਸਤ ਹੋਣ/ ਰਹਿਣ ਵਾਸਤੇ ਅਰਦਾਸ ਕਰਨ ਉਪਰੰਤ ਪ੍ਰਸ਼ਾਦ ਲੈ ਰੁਖਸਤ ਹੋ ਜਾਂਦੇ ਹਨ।

ਗੁਰੂ ਦਾ ਦਰਸ਼ਨ ਅਤੇ ਉਸ ਦੀ ਚਰਨ ਛੋਹ (ਚਰਨਾਮਿਤ ਰੂਪ ਵਿਚ) ਸੰਸਾਰੀ ਵਿਅਕਤੀ ਦੀ ਮੁਕਤੀ ਦਾ ਵਿਕਲਪ ਹੈ।

ਇਥੋਂ ਤਕ ਦਾ ਸਫਰ ਇਹ ਦਸਦਾ ਹੈ ਕਿ ਚਿਤੇਰਾ ਕੁਛ ਖੁੱਲ੍ਹ ਵੀ ਲੈ ਰਿਹਾ ਹੈ ਅਤੇ ਕੁਝ ਮਰਯਾਦਾ ਦਾ ਪਾਲਣ ਵੀ ਕਰ ਰਿਹਾ ਹੈ। ਜ਼ਰੂਰੀ ਨਹੀਂ ਗੁਰੂ ਦੀ ਹਜ਼ੂਰੀ ਵਾਸਤੇ ਸਿਰ ਨੂੰ ਕੱਜਿਆ ਜਾਵੇ। ਪਰ ਏਂਦਾਂ ਹੀ ਹੋਵੇ ਅਜਿਹਾ ਕੋਈ ਨੇਮ ਵੀ ਨਹੀਂ ਹੈ।ਦੂਜਾ ਪੱਖ ਹੈ, ਜਿਸ ਕਿਸਮ ਦੀ ਸਰੀਰਕ ਹਲਚਲ ਪੇਂਟਿੰਗ ਵਿਚ ਹੋ ਰਹੀ ਹੈ, ਉਸ ਵਿਚ ਕਿਸੇ ਤਰ੍ਹਾਂ ਦਾ ਸ਼ੋਰ ਨਹੀਂ ਹੈ। ਕੋਈ ਵਾਫਰ ਹਰਕਤ ਤਾਂ ਕੀ ਉਸ ਦਾ ਸੰਕੇਤ ਵੀ ਨਹੀਂ। ਵਿਅਕਤੀ ਗੁਰੂ

ਦੇ ਸਾਹਮਣੇ ਆਉਣ-ਜਾਣ ਵਾਲੇ ਜਿਵੇਂ ਕਿਸੇ ਅਲਿਖਤ ਮਰਯਾਦਾ ਦੀ ਪਾਲਣਾ ਕਰ ਰਹੇ ਹਨ।

ਪ੍ਰਸ਼ਾਦ ਵੰਡ ਰਹੇ ਅਤੇ ਚਵਰ ਕਰ ਰਹੇ ਸਿੱਖ ਵਿਚਾਲੇ ਦੋ ਸ਼ਰਧਾਲੂ ਨਾਲੋਂ ਨਾਲ ਬੈਠੇ ਹੋਏ ਹਨ। ਦੋਵੇਂ ਅੱਖਾਂ ਬੰਦ ਕਰੀ ਧਿਆਨ ਮਗਨ ਹਨ ਕੋਈ ਸਰੀਰਕ ਕਰਮ ਨਹੀਂ ਕਰ ਰਹੇ। ਏਦਾਂ ਤਖਤ ਉੱਪਰ ਬਿਰਾਜਮਾਨ ਗੁਰੂ ਹਰਿਕ੍ਰਿਸ਼ਨ ਜੀ ਦੁਆਲੇ ਉਪਸਥਤ ਜਲ ਸਮੂਹ ਦੀਆਂ ਅੱਠ-ਇਕਾਈਆਂ ਹਨ। ਇਹਨਾਂ ਸਭ ਵਿਚੋਂ ਕੁਝ ਕੁ ਗੁਰੂ ਜੀ ਦੇ ਕਰੀਬੀ ਹਨ ਅਤੇ ਕੁਝ ਕੁ ਉਹਨਾਂ ਦੇ ਦਰਸ਼ਨਾਂ ਹਿਤ ਏਥੇ ਪਹੁੰਚੇ ਹਨ। ਛੋਟੇ ਜਿਹੇ ਸ਼ਰਧਾਲੂ ਸਮੂਹ ਵਿਚ ਵੀ ਵੰਨ-ਸੁਵੰਨਤਾ ਹੈ। ਗੁਰੂ ਸਾਹਿਬ ਦੀ ਹਜ਼ੂਰੀ ਵਿਚ ਕਿਸੇ ਨਾਲ ਭਿੰਨ ਭੇਦ ਹੋ ਰਿਹਾ, ਰੰਚ ਮਾਤਰ ਸੰਕੇਤ ਨਹੀਂ।

ਚਿਤਰਕਾਰ ਸੋਭਾ ਸਿੰਘ ਚਿਤਰ ਹੀ ਨਹੀਂ ਪੇਂਟ ਕਰ ਰਹੇ ਬਲਕਿ ਸਿੱਖ ਸਮਾਜ ਦੀ ਬਣਤਰ ਦੀ ਟੈਕਸਟ ਨੂੰ ਉਭਾਰ ਰਹੇ ਹਨ। ਦੇਖਣ ਨੂੰ ਸਾਰਾ ਕੁਝ ਇਕ ਸਾਰ, ਇਕੋ ਲੈਅ ਵਿਚ ਹੋ ਰਿਹਾ ਲਗਦਾ ਹੈ ਅਤੇ ਉਹਵੀ ਆਪਣੇ-ਆਪ। ਇਹ ਚਿਤਰ ਅਦਿੱਖ ਵੱਡੇ ਵਿਖਾਲੇ ਦਾ ਲਘੂ ਅੰਸ਼ ਮਾਤਰ ਹੈ।

ਚਿਤਰਕਾਰ ਆਪਣੇ ਹੁਨਰ ਨੂੰ ਸਰਲ ਅਤੇ ਸਾਦਗੀ ਨਾਲ ਪ੍ਰਸਤੁਤ ਕਰ ਰਿਹਾ ਹੈ। ਸਰਲ ਅਤੇ ਸਾਦਾ ਹੋਣਾ ਅਤੇ ਅਜਿਹਾ ਹੋਣ ਦਾ ਵਿਖਾਲਾ ਕਰਨਾ ਵੱਖੋ ਵੱਖ ਹੈ।

ਚਿਤਰਕਾਰ ਦੀ ਚਿਤਰ ਵਿਉਂਤ ਬੰਧੀ ਵੀ ਵਿਸ਼ੇਸ਼ ਹੈ। ਮੂਲ ਧਿਰਾਂ ਦੋ ਹਨ, ਗੁਰੂ ਸਾਹਿਬ ਅਤੇ ਜਲ-ਕੁੰਡ। ਗੁਰੂ ਪ੍ਰਾਪਤੀ ਹੈ ਤੇ ਵਾਨ ਹੈ।ਗੁਰੂ ਪ੍ਰਾਪਤੀ ਹੈ, ਤੇਜਵਾਨ ਹੈ। ਉਸ ਤਰ੍ਹਾਂ ਜਲ-ਕੁੰਡ ਹੈ ਕਿਉਂਕਿ ਉਸ ਨੂੰ ਉਹਨਾਂ ਦੀ ਛੋਹ ਪ੍ਰਾਪਤ ਹੈ। ਹਰ ਆਉਣ ਵਾਲਾ ਗੁਰੂ ਦੇ ਚਰਨੀਂ ਨਹੀਂ ਪੈ ਰਿਹਾ ਉਹ ਚਰਨਾਮਿਤ ਅਤੇ ਪ੍ਰਸਾਦਿ ਪ੍ਰਾਪਤ ਕਰ ਰਿਹਾ ਹੈ। ਗੁਰੂ ਅਤੇ ਸ਼ਰਧਾਲੂ ਦਰਮਿਆਨ ਸੁਖਾਲੀ ਵਿੱਥ ਹੈ।

ਖੁਦ ਗੁਰੂ ਸਾਹਿਬ ਅਤੇ ਸਿੰਘਾਸਨ ਉੱਪਰ ਅਡੋਲ ਬੈਠੇ ਹੋਏ ਹਨ ਜਿਹਨਾਂ ਦੀਆਂ ਅੱਖਾਂ ਪੂਰੀ ਤਰ੍ਹਾਂ ਬੰਦ ਹਨ। ਸਾਫ਼ ਹੈ ਉਹਨਾਂ ਦੇ ਦ੍ਰਿਸ਼ਟੀ ਆਪਦੇ ਸ਼ਰਧਾਲੂਆਂ ਵੱਲ ਸੇਧੀ ਹੋਈ ਨਹੀਂ। ਅੱਖਾਂ ਆਪਣੀ ਤੋਂ ਵਡੇਰੀ ਸ਼ਕਤੀ ਨੂੰ ਧਿਆ ਰਹੇ ਹਨ। ਉਹ ਖੁਦ ਇਕ ਮਾਧਿਅਮ ਬਣੇ ਹੋਏ ਹਨ। ਪੇਂਟਰ ਗੁਰੂ ਦੇ ਇਸੇ ਰੂਪ ਨੂੰ ਚਿਤਰ ਵਿਚ ਦਿਖਾ ਰਿਹਾ ਹੈ। ਉਸਦੀ ਸਮੁੱਚੀ ਜੁਗਤ ਤੋਂ ਇਹੋ ਝਾਉਲਾ ਪੈਂਦਾਹੈ। ਉਹਨਾਂ ਦਾ ਉੱਠਿਆ ਹੋਇਆ ਹੱਥ ਸੰਕੇਤ ਹੈ ਕਿ ਉਹ ਆਪਣੀ ਤੋਂ ਵਡੇਰੀ ਸ਼ਕਤੀ ਨੂੰ ਧਿਆ ਰਹੇ ਹਨ। ਉਹ ਖੁਦ ਇਕ ਕਲਿਆਣ ਹਿਤ ਹੈ।

ਗੁਰੂ ਹਰਿਕ੍ਰਿਸ਼ਨ ਅਸਾਧਾਰਨ ਪੁਰਖ ਦੈਵਿਕ ਗੁਣਾਂ ਵਾਲੇ ਹਨ। ਇਹ ਗੱਲ ਚਿਤਰਕਾਰ ਬਾਖੂਬੀ ਕਹਿ ਲੈਂਦਾ ਹੈ। ਉਹਨਾਂ ਦੇ ਸਿਰ ਦੁਆਲੇ ਹਾਲਾ ਹੈ। ਉਹ ਸਿੰਘਾਸਨ ਉੱਪਰ ਬਿਰਾਜ਼ਮਾਨ ਹਨ ਅਤੇ ਦੁਨਿਆਵੀਂ ਸ਼ਾਹਨਸ਼ਾਹਾਂ ਵਾਂਗ ਉਹਨਾ ਨੂੰ ਚਵਰ ਕੀਤਾ ਜਾ ਰਿਹਾ ਹੈ।

ਉਹਨਾਂ ਨੇ ਅਬੋਧ ਗੁੰਗੇ ਕੋਲੋਂ ਗੀਤਾ ਦੇ ਅਰਥ ਕਰਵਾ ਕੇ ਇਕੱਠੇ ਹੋਏ ਸਾਰੇ ਗਿਆਨਵਾਨਾਂ ਨੂੰ ਹੈਰਾਨ ਕਰ ਦਿੱਤਾ ਸੀ। ਇਹ ਕਰਾਮਾਤ ਉਹਨਾਂ ਉਸ ਦੇ ਸਿਰ ਨੂੰ ਸੋਟੀ ਛੂਆ ਕੇ ਕੀਤੀ ਸੀ। ਚਿੱਤਰ ਉਸੇ ਮੋਟਿਫ ਨੂੰ ਚਿੱਤਰ ਵਿਚ ਉਚਿਤ ਥਾਂ ਤੇ ਰਹੇ ਹਨ। ਉਹ ਗੁਰੂ ਜੀ ਦੇ ਕੋਲ ਪਈ ਦਿਖਾਈ ਹੋਈ ਹੈ। ਰਚਨਾ ਅੰਦਰੋਂ ਪ੍ਰਕਾਸ਼ ਵਿਉਂਤ ਤੋਂ ਵੀ ਇਹ ਸਿੱਧ ਨਹੀਂ ਕੀਤਾ ਜਾ ਸਕਦਾ ਕਿ ਇਹ ਰਚਨਾ ਕਿਸ ਵੇਲੇ ਦੀ ਹੈ। ਓਦਾਂ ਪ੍ਰਕਾਸ਼/ਸੂਰਜੀ ਲੋਅ (ਮੰਨ ਸਕਦੇ ਹਾਂ) ਚਿੱਤਰ ਦੇ ਖੱਬਿਉਂ ਪਾਸਿਉਂ ਦਾਖਲ ਹੁੰਦੀ ਹੋਈ ਹਰ ਵਿਅਕਤੀ ਅਤੇ ਵਸਤੂ ਨੂੰ ਸਪਸ਼ਟ ਕਰਦੀ ਹੈ ਅਤੇ ਇਕ ਨੂੰ ਦੂਏ ਤੋਂ ਵੱਖ ਕਰਦੀ ਹੈ।

ਚਿੱਤਰਕਾਰ ਸੋਭਾ ਸਿੰਘ ਨੇ ਓਦਾ ਇਸ ਚਿੱਤਰ ਦੀ ਸਾਰੀ ਵਿਉਂਤ ਏਦਾਂ ਦੀ ਬਣਾਈ ਹੈ ਕਿ ਗੁਰੂ ਸਾਹਿਬ ਅਤੇ ਬੁੱਢੇ ਨੂੰ ਕੇਂਦਰੀ ਮਹੱਤਵ ਮਿਲੇ। ਚੁਬੱਚੇ ਦੇ ਹੇਠਲੇ ਪਾਸੇ ਦੇ ਜਲ ਨੂੰ ਪਵਿੱਤਰ ਜਾਣ ਸ਼ਰਧਾਲੂ ਪੀ ਰਹੇ

ਹਨ ਤਾਂ ਉਸ ਜਲ ਨੂੰ ਉਪਰਲੇ ਪਾਸੇ ਗੁਰੂ ਦੇ ਚਰਨ ਦੀ ਛੋਹ ਪ੍ਰਾਪਤ ਹੈ। ਇਸਦੇ ਇਲਾਵਾ ਉਹ ਹੋਰ ਕਿਸੇ ਦੇ ਸੰਪਰਕ ਵਿਚ ਨਹੀਂ।

ਗੁਰੂ ਜੀ ਦਾ ਲਿਬਾਸ ਵੀ ਦਰਸ਼ਕ ਨੂੰ ਆਪਦੇ ਵੱਲ ਖਿੱਚਦਾ ਹੈ। ਦੂਜੇ ਰੰਗਾਂ ਦੇ ਦਰਮਿਆਨ ਉਹਨਾਂ ਦੇ ਬਸਤਰ ਸਫੈਦ ਹਨ। ਇਹ ਰੰਗ ਓਦਾਂ ਵੀ ਸ਼ਾਂਤੀ ਤੇ ਠਹਿਰਾਵ ਦਾ ਲਖਾਇਕ ਹੈ।

ਸਾਰੀਆਂ ਧਿਰਾਂ ਦੇ ਵਿਚ ਵਿਚਾਲੇ ਪ੍ਰਾਕਿਰਤਕ ਤੱਤ ਪਾਣੀ ਹੈ। ਜਿਸ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਚਿੱਤਰਕਾਰ ਨੇ ਇਸ ਨੂੰ ਸਥਿਰ ਅਵਸਥਾ ਵਿਚ ਪੇਂਟ ਨਹੀਂ ਕੀਤਾ। ਬੰਧਨ ਅੰਦਰ ਬੱਝੇ ਪਾਣੀ ਵਿਚ ਹਲਚਲ ਦਿਖਾਈ ਗਈ ਹੈ। ਇਸ ਤੋਂ ਅਨੁਮਾਨ ਲਾ ਸਕਦੇ ਹਾਂ ਕਿ ਓਥੇ ਮੰਦ ਗਤੀ ਵਿਚ ਹਵਾ ਚਲ ਰਹੀ ਹੈ। ਪਰ ਜੇ ਏਦਾਂ ਮੰਨ ਲਿਆ ਜਾਏ ਤਾਂ ਇਸਦਾ ਅਸਰ ਹੋਰ ਵਸਤਾਂ (ਵਿਸ਼ੇਸ਼ਕਰ ਵਸਤਰਾਂ) ਉੱਪਰ ਵੀ ਹੋਣਾ ਚਾਹੀਦਾ ਹੈ ਜੋ ਨਹੀਂ ਹੈ।

ਅਨੁਮਾਨ ਇਹ ਵੀ ਲਾਇਆ ਜਾ ਸਕਦਾ ਹੈ ਕਿ ਇਹ ਪਾਣੀ ਗੁਰੂ ਹਰਿਕ੍ਰਿਸ਼ਨ ਦੀ ਚਰਨ ਛੋਹ ਲੈ ਤਰੰਗਤ ਹੋ ਉੱਠਿਆ ਹੈ। ਇਹ ਉਹਨਾਂ ਦੀ ਆਤਮਕ ਸ਼ਕਤੀ ਦੀ ਪਾਣੀ ਵਿਚ ਸਮਾਹਿਤ ਹੋ ਜਾਣ ਦੀ ਨਿਸ਼ਾਨੀ ਹੈ।

ਇਹ ਅਰਥ ਸੰਭਾਵਤ ਹਨ। ਮੂਸਉਡ ਹੈ ਇਹ ਲਹਿਰੀਆ ਚਿਤਰ ਵੀ ਸਮੁੱਚੀ ਬਣਤਰ ਨੂੰ ਸੰਤੁਲਤ ਦੇਂਦਾ ਹੈ। ਕਿਉਂਕਿ ਰਚਨਾ ਵਿਆਪਤ ਇਕਸਰ ਇਹੋ ਤੋੜਦਾ ਹੈ।

ਉਹ ਇਕੋ ਵੇਲੇ ਲੋਕ ਵਿਚ ਹੁੰਦੇ ਹੋਏ ਪਰਲੋਕ ਨਾਲ ਜੁੜੇ ਹੋਏ ਹਨ। ਅਸੀਸ ਵਾਲਾ ਹੱਥ ਜੇ ਲੋਕ ਵਾਸਤੇ ਹੈ ਤਾਂ ਮੁੰਦੀਆਂ ਅੱਖਾਂ ਨਾਲ ਉਹ ਪਰਮ ਈਸ਼ਵਰ ਨਾਲ ਜੁੜੇ ਹੋਏ ਹਨ।

ਧੰਨਵਾਦ ਸਹਿਤ 'ਕੁੰਭ' ਮੈਗਜ਼ੀਨ ਅੰਕ ਮਈ-ਅਗਸਤ 2014 ਵਿਚੋਂ



# ਗੁਰਮਤਿ ਸੰਗੀਤ ਦੇ ਅਨਿਨ ਸੇਵਕ : ਡਾ. ਗੁਰਨਾਮ ਸਿੰਘ

ਕੁਲਵਿੰਦਰ ਸਿੰਘ

ਵੀਹਵੀਂ ਸਦੀ ਦੇ ਦੂਜੇ ਅੱਧ ਵਿਚ ਜਨਮੇ ਡਾ. ਗੁਰਨਾਮ ਸਿੰਘ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਇੱਕ ਅਜਿਹਾ ਧਰੂ ਤਾਰਾ ਹਨ, ਜਿਹਨਾਂ ਨੇ ਸਦੀਆਂ ਤੋਂ ਪਰਵਾਹਿਤ ਹੁੰਦੀ ਆ ਰਹੀ ਗੁਰਮਤਿ ਸੰਗੀਤ ਦੀ ਮਰਿਆਦਤ ਪਰੰਪਰਾ ਦੇ ਵਿਭਿੰਨ ਪਹਿਲੂਆਂ ਦੀ ਕਿਰਿਆਤਮਕ ਧਾਰਾ ਨੂੰ ਸਿਧਾਂਤਕਤਾ ਦਾ ਜਾਮਾ ਪਹਿਨਾਉਣ ਵਾਲੇ ਮਹਾਨ ਗੁਰਮਤਿ ਸੰਗੀਤ ਸੇਵੀ ਵਿਦਵਾਨਾਂ, ਚਿੰਤਕਾਂ, ਸ਼ਾਸਤਰਕਾਰਾਂ ਵਿੱਚ ਆਪਣਾ ਨਾਮ ਚਮਕਾਇਆ ਹੈ।

ਡਾ. ਗੁਰਨਾਮ ਸਿੰਘ ਜੀ ਦਾ ਜਨਮ ਪਿਤਾ ਸ. ਉੱਤਮ ਸਿੰਘ ਪਤੰਗ ਅਤੇ ਮਾਤਾ ਸ. ਚਰਨ ਕੌਰ ਜੀ ਦੇ ਘਰ 17 ਅਪ੍ਰੈਲ, 1959 ਈ. ਨੂੰ ਪਿੰਡ ਮਾਤ ਖੇੜਾ, ਤਹਿ. ਬਿਲਾਸਪੁਰ, ਜ਼ਿਲ੍ਹਾ ਰਾਮਪੁਰ ( ਉਤਰ ਪ੍ਰਦੇਸ਼ ) ਵਿੱਚ ਹੋਇਆ। ਆਪ ਜੀ ਦੇ ਪਿਤਾ ਜੀ ਆਪਣੇ ਸਮੇਂ ਦੇ ਪੰਥ ਪ੍ਰਸਿੱਧ ਰਾਗੀਆਂ ਵਿੱਚ 'ਸ਼੍ਰੋਮਣੀ ਰਾਗੀ' ਵਜੋਂ ਵਿਖਿਆਤ ਸਨ। ਜ਼ਾਹਿਰ ਹੈ ਕਿ ਆਪ ਨੂੰ ਗੁਰਮਤਿ ਸੰਗੀਤ ਦੀ ਗੁੜ੍ਹਤੀ ਪਰਿਵਾਰਕ ਪਿਛੋਕੜ ਵਿੱਚੋਂ ਮਿਲੀ, ਜਿਸ ਨੂੰ ਆਪ ਨੇ ਵੱਡੇ ਭ੍ਰਾਤਾ ਡਾ. ਜਾਗੀਰ ਸਿੰਘ ਅਤੇ ਡਾ. ਬਚਿੱਤਰ ਸਿੰਘ ਦੀ ਦੇਖ-ਰੇਖ ਹੇਠ ਗੁਰਮਤਿ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ, ਪ੍ਰਿੰ. ਸ਼ਮਸ਼ੇਰ ਸਿੰਘ ਕਰੀਰ, ਆਗਰਾ ਘਰਾਣੇ ਦੇ ਸ. ਸੋਹਣ ਸਿੰਘ, ਪਟਿਆਲਾ ਘਰਾਣੇ ਦੇ ਉ. ਬਾਕਿਰ ਹੁਸੈਨ ਸਾਹਿਬ ਵਰਗੇ ਗੁਣੀ ਜਨਾਂ ਪਾਸੋਂ ਮਹੀਨ ਸੰਗੀਤਕ ਰਮਜ਼ਾਂ, ਰਹੱਸਾਂ ਨੂੰ ਗ੍ਰਹਿਣ ਕਰਦੇ ਹੋਏ ਅੱਗੇ ਵਧਾਇਆ ਅਤੇ ਸੰਗੀਤ ਦੀਆਂ ਵਿਵਿਧ ਧਾਰਾਵਾਂ ਸ਼ਾਸਤਰੀ ਸੰਗੀਤ ਅਤੇ ਲੋਕ ਸੰਗੀਤ ਦੇ ਨਾਲ-ਨਾਲ ਗੁਰੂ ਘਰ ਦੀ ਪਾਵਨ ਪਵਿੱਤਰ ਸ਼ਬਦ ਕੀਰਤਨ ਪਰੰਪਰਾ ਦੇ ਖੇਤਰ ਵਿੱਚ ਨਿਵੇਕਲੀਆਂ ਪੈੜਾਂ ਸਿਰਜੀਆਂ।

ਡਾ. ਸਾਹਿਬ ਨੇ ਆਪਣੇ ਸੰਗੀਤਕ ਕਾਰਜ ਖੇਤਰ ਵਿੱਚ ਵਿਰਸੇ 'ਚੋਂ ਪ੍ਰਾਪਤ ਗੁਰੂ ਘਰ ਦੀ ਕੀਰਤਨ ਮਰਿਆਦਾ ਨੂੰ ਪ੍ਰਚਾਰਨ ਤੋਂ ਪਹਿਲਾਂ ਸ਼ਾਸਤਰੀ ਅਤੇ ਲੋਕ ਸੰਗੀਤ ਦੀਆਂ ਪੁਰਾਤਨ ਵੰਨਗੀਆਂ ਦੀ ਸਾਂਭ-ਸੰਭਾਲ, ਪੁਨਰ-ਸੁਰਜੀਤੀ ਅਤੇ ਪ੍ਰਚਾਰ-ਪ੍ਰਸਾਰ ਹਿੱਤ ਆਪਣਾ ਬਹੁਮੁਲਾ ਯੋਗਦਾਨ ਪਾਇਆ ਹੈ। ਆਪ ਨੇ ਜਿੱਥੇ ਪੰਜਾਬ ਦੇ ਸ਼ਾਸਤਰੀ ਅਤੇ ਲੋਕ ਸੰਗੀਤ ਦੇ ਪਰਸਿੱਧ ਸੰਗੀਤਕਾਰਾਂ, ਘਰਾਣਿਆਂ, ਉਹਨਾਂ ਦੀਆਂ ਗਾਇਨ-ਵਾਦਨ ਪਰੰਪਰਾਵਾਂ ਦੇ ਸਮੁੱਚੇ ਪਹਿਲੂਆਂ ਨੂੰ ਸ਼ਾਸਤਰ ਦੇ ਨੁਕਤੇ-ਨਿਗਾਹ ਤੋਂ ਪਰਖਦਿਆਂ ਕਿਤਾਬਾਂ ਦੀ ਰਚਨਾ ਕੀਤੀ ਉੱਥੇ ਉਹਨਾਂ ਦੀ ਵਿਵਹਾਰਿਕਤਾ ਨੂੰ ਜੀਵੰਤ ਰੱਖਣ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਿਸ਼ੇਸ਼ ਉਪਰਾਲੇ ਤਹਿਤ ਵੱਖ-ਵੱਖ ਸੈਮੀਨਾਰਾਂ, ਵਰਕਸ਼ਾਪਾਂ ਦਾ ਆਯੋਜਨ ਕਰ ਉਹਨਾ ਮਹਾਨ ਸੰਗੀਤਕਾਰਾਂ ਦੀਆਂ ਗਾਇਨ-ਵਾਦਨ ਵੰਨਗੀਆਂ ਨੂੰ ਰਿਕਾਰਡ ਕਰਵਾ ਆਰਕਾਈਵਜ਼ ਵਿੱਚ ਸੰਗ੍ਰਹਿਤ ਕਰਨ ਦਾ ਉਪਰਾਲਾ ਕੀਤਾ। ਜਿਹਨਾਂ ਵਿੱਚੋਂ 'ਪੁਆਧੀ ਅਖਾੜਾ', 'ਪਰੰਪਰਾਗਤ ਪੰਜਾਬੀ ਲੋਕ ਗਾਇਕੀ', 'ਪੰਜਾਬੀ ਲੋਕ ਸੰਗੀਤ ਵਿਰਾਸਤ' ਨਾਮਕ ਕੈਸਟਾਂ ਯੂਨੀਵਰਸਿਟੀ ਅਤੇ ਟੀ-ਸੀਰੀਜ਼ ਕੰਪਨੀ ਵੱਲੋਂ ਰਿਲੀਜ਼ ਹੋ ਚੁੱਕੀਆਂ ਹਨ। ਸਿਧਾਂਤਕ ਪੱਖ 'ਤੇ ਰਚਿਤ

ਪੁਸਤਕਾਂ ਵਿੱਚੋਂ ਪ੍ਰਮੁੱਖ ਹਨ : 'ਪੰਜਾਬੀ ਲੋਕ ਸੰਗੀਤ ਵਿਰਾਸਤ ਭਾਗ ਪਹਿਲਾ ਅਤੇ ਦੂਜਾ', 'ਪੰਜਾਬੀ ਸੰਗੀਤਕਾਰ', 'ਪੰਜਾਬੀ ਭਾਸ਼ਾਈ ਸ਼ਾਸਤਰੀ ਗਾਇਨ ਬੰਦਸ਼ਾਂ' 'ਸੰਗੀਤ ਨਿਬੰਧਾਵਲੀ' 'ਗਾਇਨ ਬੰਦਸ਼ਾਵਲੀ' ਆਦਿ ਦੇ ਨਾਮ ਵਿਸ਼ੇਸ਼ ਰੂਪ ਵਿੱਚ ਵਰਣਨਯੋਗ ਹਨ।

ਗੁਰਮਤਿ ਸੰਗੀਤ ਦੇ ਖੇਤਰ ਵਿੱਚ ਗੁਰੂ ਕਾਲ ਤੋਂ ਸੀਨਾ-ਬ-ਸੀਨਾ ਚਲੀ ਆ ਰਹੀ 'ਸਬਦ ਕੀਰਤਨ' ਦੀ ਮਹਾਨ ਪਰੰਪਰਾ ਨੂੰ ਸਮੇਂ ਦੀ ਧਾਰਾ 'ਤੇ ਵਿਕਸਿਤ ਕਰਨ ਲਈ ਭਾਵੇਂ ਵਿਧੀਵੱਤ ਤਰੀਕੇ ਨਾਲ ਕਾਰਜ ਕਰਨ ਹਿੱਤ ਆਪ ਨੇ ਅਕਾਦਮਿਕ ਖੇਤਰ ਵਿੱਚ ਵਿਚਰਦਿਆ ਤਕਰੀਬਨ 1990 ਦੇ ਦਹਾਕੇ ਤੋਂ ਹੀ ਕੋਸ਼ਿਸ਼ਾਂ ਆਰੰਭ ਕਰ ਦਿਤੀਆਂ ਸਨ, ਪਰੰਤੂ ਬਚਪਨ ਵਿੱਚ ਪਿਤਾ ਜੀ ਨਾਲ ਸ਼ਬਦ ਕੀਰਤਨ ਪ੍ਰਸਤੁਤੀ ਸਮੇਂ ਤਬਲੇ 'ਤੇ ਸਾਥ ਦਿੰਦਿਆਂ ਅਤੇ ਆਪਣੇ ਭਰਾਵਾਂ ਸੰਗ ਰਲ ਕੇ ਕੀਰਤਨ ਦੀਆਂ ਛਹਿਬਰਾਂ ਲਗਾਉਂਦਿਆਂ ਆਪ ਦੁਆਰਾ ਗੁਰਮਤਿ ਸੰਗੀਤ ਦੀ ਮੁੱਢਲੇ ਰੂਪ ਵਿੱਚ ਕੀਤੀ ਗਈ ਸੇਵਾ ਸੀ ਜੋ ਬਾਅਦ ਵਿੱਚ ਭਲੀਭੂਤ ਸਾਕਾਰ ਰੂਪ ਧਾਰਦੀ ਹੈ। ਇਸ ਅਧੀਨ ਆਪ ਨੇ ਅਕਾਦਮਿਕ ਪੱਧਰ 'ਤੇ ਇਸ ਨੂੰ ਪ੍ਰਚਾਰਨ, ਪ੍ਰਸਾਰਨ ਹਿੱਤ ਇਸ ਵਿਸ਼ੇ ਦੇ ਵਿਭਿੰਨ ਪੱਖਾਂ 'ਤੇ ਸੈਮੀਨਾਰਾਂ, ਵਰਕਸ਼ਾਪਾਂ ਵਿੱਚ ਖੋਜ-ਪੱਤਰ ਪੜ੍ਹਨੇ ਅਤੇ ਨਾਲ ਹੀ ਵੱਖ-ਵੱਖ ਸੰਗੀਤਕ ਪੱਤਰ-ਪੱਤਰਕਾਵਾਂ, ਅਖਬਾਰਾਂ ਵਿੱਚ ਆਰਟੀਕਲ ਛਪਵਾਉਣੇ ਆਰੰਭ ਕੀਤੇ ਤਾਂ ਜੋ ਗੁਰਮਤਿ ਸੰਗੀਤ ਦੀ ਮਹਾਨ ਪਰੰਪਰਾ ਜੋ ਸ਼ਬਦ ਕੀਰਤਨ ਦੇ ਰੂਪ ਵਿੱਚ ਅਧਿਆਤਮਿਕ ਤ੍ਰਿਪਤੀ ਲਈ ਸਮੁੱਚੇ ਸਿੱਖ ਪੰਥ ਵਿੱਚ ਸੁਸ਼ੋਭਿਤ ਸੀ ਉਥੇ ਬੌਧਿਕ ਪੱਧਰ 'ਤੇ ਇਸ ਪਰੰਪਰਾ ਵਿੱਚ ਵਧੇਰੇ ਖੋਜ ਕਰਨ ਦੀ ਲਲਕ ਪੈਦਾ ਕਰ ਸ਼ਾਸਤਰ ਦੇ ਨਿਯਮਾਂ ਤਹਿਤ ਸਮਝਣ ਅਤੇ ਇਸਦੀ ਮਹਾਨਤਾ ਨੂੰ ਵਿਸ਼ਵ ਪੱਧਰ 'ਤੇ ਸਥਾਪਿਤ ਕਰਨ ਦੀ ਪਰਿਪਾਟੀ ਨੂੰ ਵੀ ਵਿਕਸਿਤ ਕਰਨ ਦਾ ਉਪਰਾਲਾ ਕੀਤਾ। ਆਪ ਦੇ ਹੁਣ ਤੱਕ 75 ਤੋਂ ਵੱਧ ਖੋਜ-ਪੱਤਰ, 300 ਤੋਂ ਵੱਧ ਆਰਟੀਕਲਜ਼ ਪ੍ਰਕਾਸ਼ਿਤ ਹੋ ਚੁੱਕੇ ਹਨ।

ਆਪ ਨੇ ਜਿੱਥੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ 'ਗੁਰਮਤਿ ਸੰਗੀਤ ਚੇਅਰ' ਅਤੇ ਗੁਰਮਤਿ 'ਸੰਗੀਤ ਵਿਭਾਗ' ਦੇ ਰੂਪ ਵਿੱਚ ਅਧਿਅਨ, ਅਧਿਆਪਨ ਅਤੇ ਖੋਜ ਕਾਰਜ ਕਰਨ ਹਿੱਤ ਵਿਦਿਆਰਥੀਆਂ, ਖੋਜਾਰਥੀਆਂ ਲਈ ਵਿੱਦਿਅਕ ਕੇਂਦਰ ਦੀ ਸਥਾਪਨਾ ਕਰਵਾਈ ਉਥੇ ਆਪਣੇ ਕਾਰਜ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ 'ਸੰਤ ਸੁੱਚਾ ਸਿੰਘ ਆਰਕਾਈਜ਼ ਆਫ਼ ਮਿਊਜ਼ਿਕ' ਅਤੇ ' ਭਾਈ ਰਣਧੀਰ ਸਿੰਘ ਆਨਲਾਈਨ ਗੁਰਮਤਿ ਸੰਗੀਤ ਲਾਇਬ੍ਰੇਰੀ' ਸਥਾਪਿਤ ਕਰਕੇ ਇਸ ਪਰੰਪਰਾ ਦੇ ਸਿਧਾਂਤਕ ਤੇ ਵਿਵਹਾਰਿਕ ਪੱਖ ਨਾਲ ਸੰਬੰਧਿਤ ਵਿਭਿੰਨ ਗੁਰਮਤਿ ਸੰਗੀਤਾਚਾਰੀਆ ਅਤੇ ਪੰਥ ਪ੍ਰਸਿੱਧ ਕੀਰਤਨਕਾਰਾਂ ਦੀਆਂ ਰਿਕਾਰਡਿੰਗਜ਼ ਤੇ ਵੱਖ-ਵੱਖ ਵਿਦਵਾਨਾਂ ਦੁਆਰਾ ਰਚਿਤ ਦੁਰਲੱਭ, ਅਨਮੋਲ ਕਿਤਾਬਾਂ ਵਿਦਿਆਰਥੀਆਂ ਲਈ ਸੁਲੱਭ ਕਰਵਾਈਆਂ ਹਨ। ਇਸ ਦੇ ਨਾਲ ਹੀ ਆਪ ਨੇ ਜਿੱਥੇ ਆਪ ਸਿੱਖ ਇਤਿਹਾਸ ਵਿਚ ਪਹਿਲੀ ਵਾਰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ਦਾ ਗਾਇਨ ਕਰਕੇ ਐਚ.ਐੱਮ.ਵੀ. ਕੰਪਨੀ ਵੱਲੋਂ ਰਿਕਾਰਡਿੰਗ ਕਰਵਾ ਗੁਰਮਤਿ ਸੰਗੀਤ ਦੀ ਰਾਗਾਤਮਕ ਪਰੰਪਰਾ ਦੀ ਜਾਣਕਾਰੀ ਮੁਹੱਈਆ ਕਰਵਾਈ ਉੱਥੇ 'ਗੁਰਮਤਿ ਸੰਗੀਤ ਪ੍ਰਬੰਧ ਤੇ ਪਾਸਾਰ', 'ਗੁਰਮਤਿ ਸੰਗੀਤ ਵਿਭਿੰਨ ਪਰਿਪੇਖ', 'ਆਦਿ ਗ੍ਰੰਥ ਰਾਗ ਕੋਸ਼', 'ਸਿੱਖ ਮਿਊਜ਼ਿਕਾਲੋਜੀ', 'ਗੁਰਮਤਿ ਸੰਗੀਤ ਟਰਮੀਨਾਲੋਜੀ', 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਕਰ', 'ਗੁਰ ਸ਼ਬਦ ਰਾਗ ਰਤਨਾਕਰ', 'ਗੁਰਮਤਿ ਸੰਗੀਤ ਮੇਂ ਪ੍ਰਯੁਕਤ ਸ਼ਾਸਤਰੀ ਵਾਦਯ', 'ਸਿੱਖ ਸੇਕਰਡ ਮਿਊਜ਼ਿਕ' ਆਦਿ ਵਰਗੀਆਂ ਬਹੁ-ਉਪਯੋਗੀ ਕਿਤਾਬਾਂ ਦੀ ਰਚਨਾ ਕਰ,ਗੁਰਮਤਿ ਸੰਗੀਤ ਦੇ ਪਾਂਧੀਆਂ ਦਾ ਸਮੇਂ-ਸਮੇਂ 'ਤੇ ਮਾਰਗ ਦਰਸ਼ਨ ਕਰਨ ਦਾ ਅਹਿਮ ਉਪਰਾਲਾ ਵੀ ਕੀਤਾ।

ਆਪ ਗੁਰਮਤਿ ਸੰਗੀਤ ਦੇ ਵਿਸ਼ੇ ਵਿੱਚ ਬੀ.ਏ, ਐੱਮ.ਏ ਪੱਧਰ ਦੀ ਡਿਗਰੀ ਹਿੱਤ ਅਧਿਆਪਨ ਕਾਰਜ ਕਰਨ ਦੇ ਨਾਲ-ਨਾਲ ਅਨੇਕਾਂ ਵਿਦਿਆਰਥੀਆਂ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਪੀਐੱਚ-ਡੀ. ਦੀ ਡਿਗਰੀ ਲਈ ਨਿਰਦੇਸ਼ਕ ਵਜੋਂ

ਸੇਵਾ ਨਿਭਾ ਚੁੱਕੇ ਹਨ। ਇਸ ਦੇ ਨਾਲ ਹੀ ਆਪ ਨੇ ਇਸ ਨੂੰ ਵਿਸ਼ੇ ਵਜੋਂ ਵਿਸ਼ਵ ਪੱਧਰ 'ਤੇ ਸਥਾਪਿਤ ਕਰਨ ਲਈ 'ਗੁਰਮਤਿ ਗਿਆਨ ਆਨ-ਲਾਈਨ' ਸੇਵਾ ਦੀ ਸ਼ੁਰੂਆਤ ਵੀ ਕੀਤੀ ਹੈ ਜਿਸ ਅਧੀਨ ਵਿਸ਼ਵ ਦੇ ਕਿਸੇ ਵੀ ਕੋਨੇ ਵਿੱਚ ਬੈਠਾ ਗੁਰਮਤਿ ਗਿਆਨ ਪਿਪਾਸੂ ਗੁਰੂ ਘਰ ਦੀ ਮਰਿਆਦਤ ਪਰੰਪਰਾ ਦੇ ਸਮਸਤ ਪਹਿਲੂਆਂ ਦੀ ਜਾਣਕਾਰੀ ਹਾਸਿਲ ਕਰਕੇ ਆਪਣੀ ਗੁਰਮਤਿ ਅਤੇ ਸੰਗੀਤਕ ਉਤਕੰਠਾ ਨੂੰ ਸ਼ਾਂਤ ਕਰ ਸਕਦਾ ਹੈ। ਜਿਸ ਨਾਲ ਜਿੱਥੇ ਬੌਧਿਕ ਪੱਧਰ 'ਤੇ ਉਹ ਸਸ਼ਕਤ ਹੋ ਸਕਦਾ ਹੈ ਉਥੇ ਰੂਹਾਨੀ ਅਤੇ ਆਤਮਿਕ ਮੰਡਲ ਦੀ ਪ੍ਰਗਤੀ ਲਈ ਵੀ ਇਹ ਸੇਵਾ ਉਸ ਲਈ ਸਹਾਇਕ ਹੋ ਸਕਦੀ ਹੈ। ਡਾ. ਸਾਹਿਬ ਦੀ ਸਮੁਚੀ ਕਾਰਜ ਪ੍ਰਣਾਲੀ ਵਿੱਚ ਜਿੱਥੇ ਉਹਨਾਂ ਦਾ ਮਿਹਨਤੀ, ਸਿਰੜੀ ਅਤੇ ਸਿਦਕਵਾਨ ਸੁਭਾਅ ਨਜ਼ਰ ਆਉਂਦਾ ਹੈ ਉੱਥੇ ਸੂਝਵਾਨ, ਲਿਆਕਤ ਭਰਪੂਰ ਅਤੇ ਰੌਸ਼ਨ ਦਿਮਾਗ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ, ਜੋ ਉਹਨਾਂ ਦੁਆਰਾ ਸੰਗੀਤ ਦੀਆਂ ਵਿਵਿਧ ਧਾਰਾਵਾਂ ਖ਼ਾਸ ਕਰਕੇ ਗੁਰਮਤਿ ਸੰਗੀਤ ਦੇ ਪ੍ਰਚਾਰ ਹਿੱਤ ਮੀਡੀਆ ਦੇ ਸਾਰੇ ਰੂਪਾਂ ਦਾ ਡਟ ਕੇ ਅਤੇ ਨਿਡਰ ਹੋ ਕੇ ਪ੍ਰਯੋਗ ਕਰਨ ਤੋਂ ਸਿੱਧ ਹੋ ਜਾਂਦਾ ਹੈ। ਡਾ. ਸਾਹਿਬ ਨੇ ਨੌਜਵਾਨ ਭਾਵੀ ਪੀੜ੍ਹੀ ਵਿੱਚ ਗੁਰਮਤਿ ਸੰਗੀਤ ਦਾ ਪ੍ਰਚਾਰ ਕਰਨ ਲਈ ਅਜੋਕੀ ਪੀੜ੍ਹੀ ਦੀ ਹਰਮਨ ਪਿਆਰੀ ਇੰਟਰਨੈਟ ਪ੍ਰਣਾਲੀ ਜਿਸ ਅਧੀਨ ਫੇਸ-ਬੁਕ, ਯੂ-ਟਿਯੂਬ, ਵਟਸ-ਅਪ, ਟਵਿੱਟਰ, ਆਦਿ ਨੂੰ ਅਪਨਾਉਂਦਿਆਂ ਉਸ ਨੂੰ ਗੁਰਮਤਿ ਫ਼ਲਸਫ਼ੇ ਅਤੇ ਗੁਰ ਮਰਿਆਦਾ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

ਗੁਰਮਤਿ ਸੰਗੀਤ ਦੇ ਪ੍ਰਚਾਰ ਹਿਤ ਕੀਤੇ ਕਾਰਜਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਕਾਰਜ ਆਪ ਦੁਆਰਾ 'ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ' ਵਿਖੇ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਦੀ ਪ੍ਰਥਾ ਨੂੰ ਪੁਨਰ ਸਥਾਪਿਤ ਕਰਵਾਉਣਾ ਹੈ, ਜਿਸ ਸਦਕਾ ਅੱਜ ਦਰਬਾਰ ਸਾਹਿਬ ਵਿੱਚ ਸਾਨੂੰ ਗੁਰੂ ਘਰ ਦੇ ਪਵਿੱਤਰ ਸਾਜ਼ਾਂ ਦੀ ਸੰਗਤ ਵਿੱਚ ਗੁਰਬਾਣੀ ਦਾ ਮਨੋਹਰ ਅੰਮ੍ਰਿਤਮਈ ਕੀਰਤਨ ਸੁਣਨ ਨੂੰ ਮਿਲ ਰਿਹਾ ਹੈ।

ਡਾ. ਸਾਹਿਬ ਦੁਆਰਾ ਗੁਰਮਤਿ ਸੰਗੀਤ ਦੇ ਖੇਤਰ ਵਿਚ ਨਿਭਾਈਆਂ ਸੇਵਾਵਾਂ ਦੇ ਹਿੱਤ ਭਾਰਤ ਸਰਕਾਰ, ਪੰਜਾਬ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇਲਾਵਾ ਅਨੇਕਾਂ ਹੋਰ ਸੰਸਥਾਵਾਂ ਵੱਲੋਂ ਵੱਖ-ਵੱਕ ਉਪਾਧੀਆਂ ਨਾਲ ਸਨਮਾਨਿਆ ਜਾ ਚੁੱਕਾ ਹੈ, ਜਿਹਨਾਂ ਵਿੱਚੋਂ ਪ੍ਰਮੁੱਖ ਹਨ, 'ਸ਼੍ਰੋਮਣੀ ਰਾਗੀ ਅਵਾਰਡ' ਭਾਸ਼ਾ ਵਿਭਾਗ ਪੰਜਾਬ, 'ਸੀਨੀਅਰ ਫੈਲੋਸ਼ਿਪ' ਸੰਗੀਤ ਨਾਟਕ ਅਕਾਦਮੀ, 'ਸਟੇਟ ਅਵਾਰਡ' ਪੰਜਾਬ ਸਰਕਾਰ, 'ਸ਼੍ਰੋਮਣੀ ਰਾਗੀ ਅਵਾਰਡ' ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਆਦਿ। ਸਾਲ 2014 ਵਿੱਚ ਆਕਸਫੋਰਡ ਯੂਨੀਵਰਸਿਟੀ ਪ੍ਰੈਸ ਨੇ 'ਦ ਆਕਸਫੋਰਡ ਹੈਂਡਬੁੱਕ ਆਫ਼ ਸਿੱਖ ਸਟੱਡੀਜ਼' ਨਾਮਕ ਪੁਸਤਕ ਵਿੱਚ ਡਾ. ਸਾਹਿਬ ਦਾ ਪਰਚਾ ਸ਼ਾਮਿਲ ਕਰਕੇ ਨਾ ਸਿਰਫ਼ ਉਹਨਾਂ ਦੀ ਮਿਹਨਤ ਨੂੰ ਥਾਇ ਪਾਇਆ ਹੈ, ਸਗੋਂ ਸਮੁੱਚੇ ਸਿੱਖ ਪੰਥ ਦਾ ਸਿਰ ਮਾਣ ਨਾਲ ਉੱਚਾ ਕਰ ਦਿੱਤਾ ਹੈ।

ਸਮੁੱਚੇ ਰੂਪ ਵਿੱਚ ਦੇਖਿਆ ਜਾਵੇ ਤਾਂ ਆਪ ਵਰਗੀ ਸ਼ਖ਼ਸੀਅਤ ਸਦੀ ਵਿੱਚ ਇਕ-ਅੱਧ ਹੀ ਪੈਦਾ ਹੁੰਦੀ ਹੈ ਜੋ ਜੀਵਨ ਭਰ ਆਪਣੇ ਵਿਸ਼ੇ ਨੂੰ ਤਨੋ-ਮਨੋ ਸਮਰਪਿਤ ਹੁੰਦੀ ਹੈ। ਪਰਮਾਤਮਾ ਆਪ ਨੂੰ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਹੋਰ ਵੀ ਵਧੇਰੇ ਕਾਰਜ ਕਰਨ ਦੀ ਬਲਬੁੱਧੀ ਤੇ ਸਮਰੱਥਾ ਬਖ਼ਸ਼ੇ ਤਾਂ ਜੋ ਆਪ ਦੁਆਰਾ ਕੀਤਾ ਕਾਰਜ ਗੁਰਮਤਿ ਸੰਗੀਤ ਦੇ ਰੂਪ ਵਿੱਚ ਵਿਸ਼ਵ ਵਿਆਪੀ ਅਰਥ ਸਿਰਜਦਾ ਹੋਇਆ ਸੰਸਾਰ ਭਰ ਦੀ ਸਮੁੱਚੀ ਲੋਕਾਈ ਨੂੰ ਗੁਰੂ ਘਰ ਦੇ ਮੁੱਖ ਆਸ਼ੇ 'ਸਭੇ ਸਾਂਝੀਵਾਲ ਸਦਾਇਨਿ' ਅਤੇ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦਾ ਸਿਧਾਂਤ ਦ੍ਰਿਸ਼ਟਾ ਕੇ ਬਸਤੀਵਾਦੀ, ਪਦਾਰਥਵਾਦੀ ਰੁਚੀ ਵਿੱਚੋਂ ਕੱਢ ਕੇ ਇੱਕ 'ਸਬਦ' ਦੀ ਛਾਂ ਹੇਠ ਲਿਆ ਸਕੇ।

ਜੂਨੀਅਰ ਰਿਸਰਚ ਫੈਲੋ, ਗੁਰੂ ਨਾਨਕ ਦੇਵ ਸੈਂਟਰ ਫਾਰ ਸਿੱਖ ਮਿਊਜ਼ਿਕ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਿਹਗੜ੍ਹ ਸਾਹਿਬ, ਮੋ: 9915144118

## BOOK REVIEW - BHAGAUTI OF GURU GOBIND SINGH"

**Dr. Harpreet Kaur**

The book entitled, "*Bhagauti of Guru Gobind Singh*" written by S. Jagjit Singh Khanpuri elucidate the concept of Shakti in a historical perspective. Anecdotes from different times or *Yuga* are incorporated in the book gives us a close insight into the unbending spirit of the Good even the most horrid circumstances and their undying spirit to annihilate evil forces. The Good forces, spanning all ages have a determination to sacrifice and infuse a new vigour in the followers. In his writing, we find a clear vision of *Dharma Yudh*, i.e., battle of life, ideals, righteousness, justice and truth that is resolute and universal in approach. Guru Gobind Singh whose life is an embodiment of bravery or *Shakti* incorporated has devoted and sacrificed His own self for eradicating evil from the society.This aspect of "the destroyer of evil" proved a potent force as it enthused the terror-stricken multitudes.At the end of the *Krishan Avtar*,Guru Gobind Singh has mentioned the purpose of*the Bhagavatwas to arouse desire for a holy war.*The graphic descriptions of battle scenes in the book is engrossing.The style of the author is lucid and clear leading to a vivid presentation especially of mythological references.

*Shakti,* a manifest form of ideals of *Dharma* is an instrument that can channelize the energies positively and bestow with power that would wipe out evil forces.The creation of Akal Purkh has good things as well as bad things. Akal Purkh has created trees and animals, and forests and wilderness. He has also created good people,i.e., Saints or Rishis with goodness in their hearts and also,evil forces i.e., Demons.God has created both Gods(Deities) and Demons and then created polemic.The authorstresses on the point that this confirms scietific basis of presence of positive and negative forces in the universe. God has created Durga to destroy the demons. Rama also derived strength from God to kill Ravan with his arrow andd Krishna to throw down Kansa by his hair.

A number of myths endorsing the concept of *Shakti* related to Sikhism against the backdrop of Hindu myths and believed ardently by the people have been depicted explicitly. In the same vein, the *Sakhis* related to the life and teachings of Sikh Gurus, as continuation of *Nanak Jot*are cited by the author. For example, Guru Gobind Singh in *Dasam Granth* gives an account of his parentage, his divine mission and the battles in which he had been engaged. There is an interesting account of mythological tales illustrating the qualities of Durga, the Goddess of war and incarnations of the Vishnu in the

book. The descriptions of scenes of battle waged by Chandi are elaborated in an extremely effective manner and provides stimulus to all. Chandi, the embodiment of might in the female form is described in all her majesty and glory in Guru's inspirational writings.The book also narrates the incident of Brahma with an inflated ego and excessive pride. At God's behest Brahma composed the Vedas, but became a victim to vanity. So, he was sent down on earth and after many epochs, he was able to rise again in the view of God. The author has related the myths with their present day relevance, lessons they impart and also, gives comments to dispel any untruth these are associated with.

The writer elucidates the direction of Sikh movement in coherent and concise manner.When Gobind Rai was merely nine years old, his father, the Ninth Guru, Guru Tegh Bahadur was martyred who firmly believed that sacrifice was the most potent weapon of resistance, for the loss of one's life or of a few, kindled life in millions.The mission of the Tenth Master, Guru Gobind Singh was to defend and remain steadfast to his faith, *Dharma* by standing up against oppression and subjugation and empowering the common people spiritually, socially and physically. The battles fought by him were with the purpose of ending perpetuation of oppression and subjugation and reinvigorating his people so that they could hold their heads in high esteem.

The author gives a very plausible account of mysteries of the world and scientific explanation of it. The Sikh Scripture has scientific integrity and unravels the creation of God in a scientific manner. Sikhism states that the God has created this universe comprising of innumerable galaxies and stars billions of years ago and it has been evolving since.The holy book comprehends the mysteries of His Creation and provides answers to the mysteries of the cosmos. This truth is universal and is beyond the boundaries of nations and earths and stars and is applicable to the entire universe. When one meditates the name of God, God himself unfolds the mysteries and reveals the galaxies, stars and his entire creation.

Guru Granth Sahib is a treasure trove of scientific wealth and more importantly, a spiritual enlightenerand lays stress on meditation of the True Lord, moral and ethical rules for development of the soul, spiritual salvation and unity with God. The entire fabric of Guru Granth Sahib is built around the fabric of Truth. The awe and wonder of the Universe is embedded in the scripture and remains a source of inspiration to one and all. God is a harmonious melody from the beginning to the end. The blessings of Guru Granth Sahib nurture the entire Creation including human beings and trees, bees and birds, demons and angels alike.

The excerpts from Hindu mythology,the Hindu epics and the exploits of various deities and Avtars are mentioned at length. **Many**myths have been depicted in a lucid manner and readers get engrossed in what they read. Mythological references from the

Sikh Scriptures has been central to his publication and the author is devoted to retelling well known tales from Hindu mythology and of Hindu Dieties and interpreting from a Gurmat perspective.

In Guru Gobind Singh's autobiographical narrative, there is an interestingand vivid recount of the battles of the deity Durga and tales of the incarnations of Vishnu. Chandi, the embodiment of might in the female form was described in all her majesty and glory, her strength and might in Guru's inspirational writings.Guru Gobind Singh incorporated prons and cons of mythology in his Bani and He commented on many events of Mythology. Guru Ji wanted to dispel the false belief that there can be different Gods and emphasized the underlying unity of one God. Guru Gobind Singh draws his strength and inspiration from the one formless God, Akal Purkh. The Guru has embellishedinneumerable qualities of the Almighty God as All Pervading, Omniscient and Omnipotent, the Creator, the Preserver and the Destroyer. The message is clear to the people across all ages i.e., motivate not to indulge in petty trivialities of life and reach out to the All-benevolent God.

**Guru Granth Sahib makes a Soul, "*Bhagauti*" and *Dasam Granth* explain what *Bhagauti* do. There are references in the *Dasam Granth* that***the Guru realized the Sikhs had become feeble-hearted. The Tenth Guru became an inspiration to the Sikhs to learn the art of ruling, use of weapons, and other skills to prepare them for warfare.This would*dispel cowardice and incite to fight the righteous war.The Tenth Master inspired his Sikhs to defend themselves, for the war waged by Him were wars of defense only. He has negated the ritualism, belief in the Avatars and inspired people to move on the path of truth and goodness. Guru Ji had firm faith the One formless God and seeks his blessing. First and foremost Guru Ji bows and pays homage to One Formless God( *Sri Bhaguti*), then set mind on Guru Nanak and then recounts the names of the nine Gurus. The Lord first created *Khanda*, the double edged sword and then the manifest world.

The vocabulary used and the connotations suggested by words of the author makes the book significant and meaningful for people of all religions.The spiritual, philosophical and social beliefs from the ancient to present times have been clearly elucided in the bookand requires extensive reflection on the part of readers.The courage, strength and might of Guru Gobind Singh Ji against the backdrop of world stage has a logical continuation till date due to trials and tribulations of the Sikh community.The book stands out unique for its presentation and theme. While some of the facts are as per the scriptures and mythological narratives, the author has effectively employed his imagination to further elaborate the facts in a lucid stylein this literary piece.

Associate Prof. & Head, Deptt. of Pol. Sci. Sri Guru Gobind Singh College of Commerce, Uni. of Delhi

# ਸੁਰ ਦਾ ਅਸਰ

## ਡਾ. ਨਿਵੇਦਿਤਾ ਸਿੰਘ

ਸੰਗੀਤ ਦੇ ਸੁਰ ਮੁੱਢ ਕਦੀਮ ਤੋਂ ਹੀ ਮਨੁੱਖ ਦੇ ਅੰਗ-ਸੰਗ ਰਹੇ ਹਨ। ਬ੍ਰਹਮਾ ਨੇ ਬ੍ਰਹਿਮੰਡ ਦੀ ਰਚਨਾ ਕਰਨ ਦੇ ਨਾਲ ਹੀ ਇਸਦੇ ਵਿਚ ਰਸ ਤੇ ਰੰਗ ਪੈਦਾ ਕਰਨ ਲਈ ਸੁਰਾਂ ਦੀ ਰਚਨਾ ਵੀ ਕੀਤੀ। ਸੁਰ ਉਹ ਕਲਾਮਈ ਸਾਧਨ ਹੈ ਜੋ ਮਨੁੱਖ ਦੀਆਂ ਅੰਦਰੂਨੀ ਭਾਵਨਾਵਾਂ ਨੂੰ ਇਕ ਵਿਸ਼ੇਸ਼ ਪ੍ਰਣਾਲੀ ਦੁਆਰਾ ਦਰਸਾਉਂਦਾ ਹੈ। ਸੁਰਾਂ ਵਿਚ ਉਹ ਸ਼ਕਤੀ ਹੈ ਜੋ ਸਾਧਾਰਨ ਭਾਵਨਾਵਾਂ ਨੂੰ ਆਪਣੇ ਪ੍ਰਭਾਵ ਨਾਲ ਸਰਬਵਿਆਪਕ ਰੂਪ ਪ੍ਰਦਾਨ ਕਰਦੀ ਹੈ।

ਸੰਗੀਤ ਕਲਾ ਦੇ ਦੋ ਪ੍ਰਮੁੱਖ ਤੱਤ ਹਨ - ਸੁਰ ਅਤੇ ਲੈਅ। ਸੁਰ ਭਾਵਨਾ ਨੂੰ ਤਰੰਨੁਮ ਵਿਚ ਮੁਖਰਿਤ ਕਰਦੇ ਹਨ ਅਤੇ ਲੈਅ ਇਸ ਪ੍ਰਗਟਾਅ ਨੂੰ ਇਕ ਨਿਯਮਿਤ ਗਤੀ ਤੇ ਦਿਸ਼ਾ ਪ੍ਰਦਾਨ ਕਰਦੀ ਹੈ। ਭਾਵਨਾ ਦੇ ਵਹਿਣ ਵਿਚ ਵਹਿੰਦੇ ਹੋਏ ਸੰਗੀਤਕਾਰ ਦੇ ਸੁਰਾਂ ਉਤੇ ਲੈਅ ਸਮੇਂ ਦਾ ਅੰਕੁਸ਼ ਲਗਾਉਂਦੀ ਹੈ। ਸੁਰਾਂ ਦੀ ਸੁਰੀਲੀ ਧੁਨੀ ਬਿਨਾ ਇਸ ਜਗ ਦੀ ਕਲਪਨਾ ਕਰੀਏ ਤਾਂ ਸ਼ਾਇਦ ਇਕ ਅਜਿਹੀ ਨੀਰਸਤਾ ਦਾ ਅਹਿਸਾਸ ਹੁੰਦਾ ਹੈ ਜਿਸਨੇ ਇਸਨੂੰ ਇਕ ਮ੍ਰਿਤਲੋਕ ਵਰਗਾ ਹੀ ਬਣਾ ਦੇਣਾ ਸੀ। ਜੀਵਨ ਵਿਚ ਜੇ ਰਸ ਹੈ, ਧੜਕਨ ਹੈ, ਰਵਾਨਗੀ ਹੈ, ਕੋਮਲ ਭਾਵਨਾਵਾਂ ਹਨ, ਮਚਲਦੇ ਜਜ਼ਬਾਤ ਹਨ ਤਾਂ ਇਹ ਕੇਵਲ ਸੰਗੀਤ ਦੇ ਸੱਤ ਸੁਰਾਂ ਦਾ ਹੀ ਜਾਦੂ ਹੈ।

ਮਨੁੱਖੀ ਜਜ਼ਬਾਤ ਜਦੋਂ ਸੁਰਾਂ ਵਿਚ ਢਲਕੇ ਸਰੋਤਿਆਂ ਅੱਗੇ ਪੇਸ਼ ਹੁੰਦੇ ਹਨ ਤਾਂ ਉਹਨਾਂ ਦੇ ਹਿਰਦੇ ਵਿਚਲੀਆਂ ਭਾਵਨਾਵਾਂ ਨਾਲ ਜਾ ਸੰਪਰਕ ਕਰਦੇ ਹਨ। ਸਾਜ਼ ਦੇ ਤਾਰ ਹਿਰਦੇ=ਤੰਤਰੀ ਨੂੰ ਝੰਕਾਰਿਤ ਕਰਦੇ ਹਨ ਤੇ ਉਸ ਵਿਚਲੇ ਭਾਵਾਂ ਨੂੰ ਪੋਲੇ ਜਿਹੇ ਝੰਜੋੜਕੇ ਜਗਾ ਦਿੰਦੇ ਹਨ। ਮਨ ਦੇ ਭਾਵ ਅੱਗੋਂ ਹੁੰਗਾਰਾ ਭਰਦੇ ਹਨ ਅਤੇ ਇਸ ਪ੍ਰਕਾਰ ਕਲਾਕਾਰ ਤੇ ਸਰੋਤਿਆਂ ਦਰਮਿਆਨ ਭਾਵਮਈ ਸੰਵਾਦ ਹੁੰਦਾ ਹੈ। ਅਜਿਹੇ ਸਮੇਂ ਸੁਰਾਂ ਦਾ ਜਾਦੂ ਆਪਣੀ ਪੂਰੀ ਸ਼ਕਤੀ ਨਾਲ ਸਰੋਤਿਆਂ ਨੂੰ ਕੀਲ ਲੈਂਦਾ ਹੈ ਤੇ ਉਹਨਾਂ ਦੇ ਜੀਵਨ ਦੇ ਸਾਰੇ ਝਮੇਲੇ, ਮੁਸ਼ਕਲਾਂ ਅਤੇ ਰੋਸੇ-ਗਿਲੇ ਭੁਲਾ ਦਿੰਦਾ ਹੈ। ਇਸ ਪ੍ਰਕਾਰ ਸੁਰ ਮਾਨਵੀ ਚੰਗਿਆਈ ਨੂੰ ਉਜਾਗਰ ਕਰਨ ਵਿਚ ਵੀ ਸਫਲ ਸਿੱਧ ਹੁੰਦੇ ਹਨ।

ਮਨੁੱਖੀ ਭਾਵਨਾਵਾਂ ਨੂੰ ਸਰਬਲੌਕਿਕ ਹਨ। ਬੁਨਿਆਦੀ ਮਾਨਵ-ਪ੍ਰਕਿਰਤੀ ਇਕ ਹੀ ਰਹਿੰਦੀ ਹੈ। ਇਸੇ ਤਰ੍ਹਾਂ ਸੱਤ ਸੁਰ ਵੀ ਸਰਬਵਿਆਪਕ ਹਨ। ਪੂਰਬੀ ਹੋਵੇ ਤੇ ਭਾਵੇਂ ਪੱਛਮੀ-ਸੰਗੀਤ। ਇਹਨਾਂ ਸੁਰਾਂ ਤੇ ਹੀ ਆਧਾਰਤ ਹਨ। ਸੰਸਾਰ ਦੇ ਕਿਸੇ ਵੀ ਕੋਨੇ ਵਿਚ ਚਲੇ ਜਾਈਏ, ਭਾਵਾਂ ਦੀ ਤੇ ਸੁਰਾਂ ਦੀ ਭਾਸ਼ਾ ਹਰ ਕੋਈ ਸਹਿਜੇ ਹੀ ਸਮਝ ਜਾਵੇਗਾ। ਇਸ ਤਰ੍ਹਾਂ ਸੁਰ ਮਨੁੱਖੀ ਭਾਵਨਾਵਾਂ ਦੇ ਸਭ ਤੋਂ ਵੱਡੇ ਸੰਚਾਰਕ ਸਿੱਧ ਹੁੰਦੇ ਹਨ।

ਇਹ ਸੁਰ ਭਾਵੇਂ ਵਿਸ਼ਵਵਿਆਪਕ ਹਨ ਪਰ ਇਹਨਾਂ ਦੇ ਪ੍ਰਯੋਗ ਅਤੇ ਰਚਨਾਸ਼ੀਲਤਾ ਵਿਚ ਸਥਾਨ ਜਾਂ ਦੇਸ਼ ਵਿਸ਼ੇਸ਼ ਦੇ ਲੋਕਾਂ ਦਾ ਸੁਭਾਅ ਵੀ ਪ੍ਰਤਿਬਿੰਬਤ ਹੁੰਦਾ ਹੈ। ਸਾਰੇ ਸੰਸਾਰ ਦੀਆਂ ਵੱਖ-ਵੱਖ ਕੌਮਾਂ, ਸਾਰੀਆਂ ਪ੍ਰਜਾਤੀਆਂ, ਕਬੀਲੇ ਅਤੇ ਸਮੁਦਾਇ ਇਹਨਾਂ ਸੁਰਾਂ ਦੀ ਕਲਪਨਾਮਈ ਵਰਤੋਂ ਕਰਕੇ ਬਹੁਭਾਂਤੀ ਸੰਗੀਤ ਦਾ ਨਿਰਮਾਣ ਕਰ ਰਹੀਆਂ ਹਨ ਅਤੇ ਇਹ ਸਿਲਸਿਲਾ ਨਿਰੰਤਰ ਜਾਰੀ ਹੈ। ਸੁਰਾਂ ਦੀ ਇਸ ਵਿਸ਼ਾਲ ਸਮਰੱਥਾ ਪਿੱਛੇ ਅਸੀਮ ਮਾਨਵੀ ਸਿਰਜਣ ਸ਼ਕਤੀ ਦਾ ਹੱਥ ਹੈ ਜੋ ਈਸ਼ਵਰ ਦੀਆਂ ਸਭ ਤੋਂ ਖ਼ੂਬਸੂਰਤ ਦਾਤਾਂ ਵਿਚੋਂ ਅਦੁੱਤੀ ਦਾਤ ਹੈ।

ਭਾਰਤੀ ਸੰਸਕ੍ਰਿਤੀ ਵਿਚ ਸੁਰ ਦੀ ਮਹਿਮਾ ਬੇਜੋੜ ਘੋਸ਼ਤ ਕੀਤੀ ਗਈ ਹੈ। ਸੰਗੀਤ ਨੂੰ ਈਸ਼ਵਰ ਪ੍ਰਾਪਤੀ ਦਾ ਮਾਰਗ ਦੱਸਦੇ ਹੋਏ ਪਰਮਾਨੰਦ ਦਾ ਸਾਧਨ ਮੰਨਿਆ ਗਿਆ ਹੈ। ਭਾਰਤੀ ਗ੍ਰੰਥਾਂ ਵਿਚ ਵੀ ਵਰਣਤ ਹੈ:

ਸਾਹਿਤਯਸੰਗੀਕਲਾ ਵਿਹੀਨ:।

ਸਾਕਸ਼ਾਤਪਸ਼ੂ: ਪੁੱਛਵਿਸ਼ਾਣ ਹੀਨ:।

ਦੇਵਤਿਆਂ ਨੂੰ ਸੁਰ ਅਤੇ ਦਾਨਵਾਂ ਨੂੰ ਅਸੁਰ ਕਿਹਾ ਗਿਆ ਹੈ। ਇਸਦੀ ਵਿਆਖਿਆ ਇਹ ਵੀ ਹੋ ਸਕਦੀ ਹੈ ਕਿ ਸੁਰ ਦੇ ਮਰਮ ਜਾਂ ਰਸ ਨੂੰ ਗ੍ਰਹਿਣ ਕਰਨ ਤੋਂ ਅਸਮਰੱਥ ਵਿਅਕਤੀ ਦਾਨਵੀ ਬਿਰਤੀਆਂ ਦਾ ਮਾਲਕ ਹੈ ਜਦੋਂ ਕਿ ਸੁਰ ਦਾ ਰਾਜ਼ ਨੂੰ ਪਛਾਣਨ ਵਾਲਾ ਅਤੇ ਰਸ ਨੂੰ ਮਾਣਨ ਵਾਲਾ ਵਿਅਕਤੀ ਦੈਵੀ ਗੁਣਾਂ ਨਾਲ ਭਰਪੂਰ ਹੈ। ਇਸ ਸੰਬੰਧ ਵਿਚ ਅੰਗਰੇਜ਼ੀ ਦੇ ਮਹਾਨ ਕਵੀ ਸ਼ੇਕਸਪੀਅਰ ਦੀਆਂ ਸਤਰਾਂ ਮਹੱਤਵਪੂਰਨ ਹਨ:

The man that has no music in himself
Nor is not mov'd with the concord of sweet sounds
Is fit for Treasons, stratagems and spoils,
The motions of his spirits are dull as night,
And his affections dark as Erebus;
Let no such man be trusted (Merchant of Vanice)

ਸੁਰ ਦੇ ਅਜਿਹੇ ਅਸਰ ਨੂੰ ਪਛਾਣਦੇ ਹੋਏ ਸਾਡੇ ਮਹਾਨ ਸੰਤ-ਮਹਾਤਮਾਵਾਂ ਅਤੇ ਭਗਤ-ਕਵੀਆਂ ਨੇ ਬਾਣੀ ਨੂੰ ਸੁਰਾਂ ਰਾਹੀ ਗਾਇਨ ਕਰਨ ਦੀ ਪਰਿਪਾਟੀ ਚਲਾਈ। ਕੇਵਲ ਬੋਲਕੇ ਕਹੀ ਗਈ ਕੋਈ ਵੀ ਗੱਲ ਓਨਾ ਅਸਰ ਨਹੀਂ ਕਰਦੀ ਜਿੰਨਾ ਸੁਰਾਂ ਵਿਚ ਪਰੋ ਕੇ ਅਭਿਵਿਅਕਤ ਕੀਤੀ ਗਈ ਭਾਵਨਾ ਦਾ ਹੁੰਦਾ ਹੈ। ਸੁਰ ਅਤੇ ਲੈਅ ਵਿਚ ਬੱਧ ਹੋ ਕੇ ਬਾਣੀ ਦਾ ਸੰਚਾਰ ਜਨ ਸਾਧਾਰਨ ਵਿਚ ਅਜਿਹਾ ਹੁੰਦਾ ਹੈ ਜਿਸਦਾ ਪ੍ਰਭਾਵ ਚਿਰਸਥਾਈ ਰਹਿੰਦਾ ਹੈ। ਸੁਰ ਦੀ ਇਸੇ ਮਹਾਨਤਾ ਨੂੰ ਪਛਾਣਦੇ ਹੋਏ ਗੁਰੂ ਨਾਨਕ ਨੇ ਆਪਣਾ ਸਾਥੀ ਭਾਈ ਮਰਦਾਨੇ ਨੂੰ ਬਣਾਇਆ। ਭਾਈ ਮਰਦਾਨੇ ਦੀ ਰਬਾਬ ਜਿੱਥੇ ਗੁਰੂ ਜੀ ਨੂੰ ਪ੍ਰੇਰਿਤ ਕਰਦੀ ਸੀ ਉਥੇ, ਬਾਣੀ ਉਚਾਰਨ ਲਈ ਉਪਯੁਕਤ ਵਾਤਾਵਰਨ ਵੀ ਤਿਆਰ ਕਰਦੀ ਸੀ। ਰਬਾਬ ਦੀਆਂ ਸੁਰਾਂ ਛਿੜਦਿਆਂ ਹੀ ਬਾਬਾ ਨਾਨਕ ਵਿਸਮਾਦ ਦੀ ਅਸਵਥਾ ਵਿਚ ਪਹੁੰਚਕੇ ਇਲਾਹੀ ਬਾਣੀ ਦਾ ਆਪਣੇ ਮੁਖ ਤੋਂ ਉਚਾਰਨ ਕਰਦੇ ਹਨ। ਇਸ ਤਰੀਕੇ ਨਾਲ ਉਚਾਰੀ ਗਈ ਬਾਣੀ ਵਿਚ ਨਿਸਚੇ ਹੀ ਗੇਯਾਤਮਕਤਾ ਅਤੇ ਸੰਗੀਤਕ ਤੱਤਾਂ ਦੀ ਪ੍ਰਧਾਨਤਾ ਸੀ। ਇਸ ਲਈ ਗੁਰੂ ਜੀ ਨੇ ਬਾਣੀ ਦੇ ਸੰਚਾਰ ਲਈ ਵੀ ਇਸਨੂੰ ਗਾਇਨ ਕਰਨ ਦਾ ਵਿਧਾਨ ਸਥਾਪਤ ਕੀਤਾ। ਗੁਰੂ ਸਾਹਿਬਾਨ ਦੀ ਇਸ ਦੂਰਦਰਸ਼ੀ ਅਤੇ ਅਮੁੱਲ ਵਿਰਾਸਤ ਨੂੰ ਜੇਕਰ ਅਸੀਂ ਠੀਕ ਤਰ੍ਹਾਂ ਸਾਂਭ ਹੀ ਲਈਏ ਤਾਂ ਇਹ ਆਪਣੇ ਆਪ ਵਿਚ ਉਪਲਬਧੀ ਹੋਵੇਗੀ।

ਪੰਜਾਬ ਤਾਂ ਮੁੱਢ ਕਦੀਮ ਤੋਂ ਹੀ ਸੁਰੀਲੀ ਧਰਤੀ ਰਿਹਾ ਹੈ। ਸੁਰਾਂ ਦੀ ਗੱਲ ਐਥੋਂ ਹੀ ਤੁਰੀ ਤੇ ਸਾਰੇ ਭਾਰਤ ਵਿਚ ਪਹੁੰਚੀ। ਸਾਮਵੇਦ ਅਤੇ ਨਾਟਸ਼ਾਸਤਰ ਜਹੇ ਸੰਗੀਤਕ ਗ੍ਰੰਥਾਂ ਦੀ ਰਚਨਾ ਇਸੇ ਭੂਮੀ ਤੋਂ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜਿਹਾ ਸੰਗੀਤਕ ਗ੍ਰੰਥ ਅਤੇ ਇਸਦੀ ਕੀਰਤਨੀ ਪਰੰਪਰਾ ਦੀਆਂ ਸੁਰਾਵਲੀਆਂ ਐਥੇ ਨਿਰੰਤਰ ਗੂੰਜਦੀਆਂ ਰਹੀਆਂ ਹਨ। ਅੱਜ ਵੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਲਗਾਤਾਰ ਲਗਭਗ 18-19 ਘੰਟੇ ਨਿਰੰਤਰ ਕੀਰਤਨ ਦਾ ਪਰਵਾਹ ਚੱਲਦਾ ਹੈ।

ਇਹ ਬੜੀ ਚਿੰਤਾਜਨਕ ਸਥਿਤੀ ਹੈ ਕਿ ਅੱਜ ਪੰਜਾਬ ਵਿਚ ਸੱਚੇ ਸੁਰ ਅਤੇ ਸੁਰੀਲੇ ਵਿਅਕਤੀ ਗੁਆਚਦੇ ਜਾ ਰਹੇ ਹਨ। ਪੰਜਾਬੀਆਂ ਦੀ ਸੁਰ ਪ੍ਰਤੀ ਸਮਝ ਅਤੇ ਸੁਹਜ-ਸੁਆਦ ਮੱਧਮ ਪੈਂਦੇ ਜਾ ਰਹੇ ਹਨ। ਪੰਜਾਬੀ ਹੁਣ ਸੁਹਾਜਾਤਮਕ ਬਿਰਤੀਆਂ ਦੇ ਸੁਆਮੀ ਨਹੀਂ ਰਹੇ। ਸਸਤੀ ਜਿਹੀ ਕਿਸਮ ਦੇ ਅਤੇ ਸੰਗੀਤ ਪੱਖ ਤੋਂ ਕੋਰੇ ਗੀਤ ਹੁਣ ਪੰਜਾਬ ਦੀਆਂ ਗਲੀਆਂ, ਮੇਲਿਆਂ ਵਿਚ ਗੂੰਜਣ ਲੱਗ ਪਏ ਹਨ। ਪੰਜਾਬ ਦੇ ਪਾਣੀਆਂ, ਜ਼ਮੀਨ ਅਤੇ ਆਬ-ਓ-ਹਵਾ ਵਿਚ ਸ਼ਾਮਲ ਜ਼ਹਿਰੀਲੇ ਤੱਤਾਂ ਵਾਂਗ ਇਸਦੇ ਸੰਗੀਤ ਵਿਚ ਵੀ ਜ਼ਹਿਰ ਸ਼ਾਮਲ ਹੁੰਦਾ ਜਾ ਰਿਹਾ ਹੈ ਜੋ ਮਾਖਿਓਂ ਮਿੱਠੇ ਗੀਤਾਂ ਨੂੰ ਖਾ ਰਿਹਾ ਹੈ। ਅਜਿਹੇ ਨਾਜ਼ੁਕ ਸਮੇਂ ਸੁਚੱਜੇ ਸੰਗੀਤ ਨੂੰ ਪਰਣਾਏ ਹੋਏ ਕਲਾਕਾਰਾਂ ਦੀ ਲੋੜ ਹੋਰ ਵੱਧ ਗਈ ਹੈ। ਸੰਗੀਤ ਦੇ ਸਹੀ ਪ੍ਰਚਾਰ ਅਤੇ ਪ੍ਰਸਾਰ ਲਈ ਤਨਦੇਹੀ ਨਾਲ ਕਾਰਜ ਕਰ ਰਹੀਆਂ ਸੰਸਥਾਵਾਂ ਨੂੰ ਇਸ ਪਾਸੇ ਹੋਰ ਤੇਜ਼ੀ ਨਾਲ ਜਤਨ ਕਰਨੇ ਚਾਹੀਦੇ ਹਨ। ਮੌਜੂਦ ਹਾਲਾਤਾਂ ਤੋਂ ਉਪਰਾਮ ਨਾ ਹੋਕੇ ਵਧੇਰੇ ਸੁਹਿਰਤਦਾ ਅਤੇ ਸਮਰੱਥਾ ਨਾਲ ਇਹਨਾਂ ਦਾ ਟਾਕਰਾ ਕਰਨਾ ਲੋੜੀਂਦਾ ਹੈ। ਆਖਰ ਜਿੱਤ ਤਾਂ ਸੱਚੇ ਸੁਰ ਦੀ ਹੀ ਹੋਣੀ ਹੈ। ਬਸ਼ਰਤੇ ਕਿ ਸੰਘਰਸ਼ ਜਾਰੀ ਰਹੇ।

ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਗੁਰਮਤਿ ਸੰਗੀਤ ਪ੍ਰਚਾਰਕ- ਪ੍ਰਿੰਸੀਪਲ ਅਵਤਾਰ ਸਿੰਘ 'ਹੰਸ'

ਸੁਰਜੀਤ ਸਿੰਘ (ਦਿਲਜੋਤ)

ਸੰਨ 1969 ਵਿਚ ਪਿਤਾ ਭਾਈ ਹਰਬੰਸ ਸਿੰਘ ਹੰਸ ਦੇ ਘਰ ਪੈਦਾ ਹੋਏ ਅਵਤਾਰ ਸਿੰਘ ਜੀ ਹੰਸ ਅਜਿਹੀ ਹੀ ਮੁਅੱਜ਼ਜ਼ ਸਖ਼ਸ਼ੀਅਤ ਦੇ ਮਾਲਿਕ ਹਨ ਜਿਸ ਨੂੰ ਬਿਆਨ ਕਰਨਾ ਐਨਾ ਸਰਲ ਨਹੀਂ। ਵਰਤਮਾਨ ਪਦਾਰਥਵਾਦੀ ਯੁੱਗ ਵਿਚ ਹਰ ਕੋਈ ਵਪਾਰਿਕ ਰੁਚੀ ਵੱਲ ਵਿਸ਼ੇਸ਼ ਧਿਆਨ ਦਿੰਦਾ ਹੈ, ਪਰ ਕੋਈ ਵਿਰਲਾ ਹੀ ਹੁੰਦਾ ਹੈ ਜੋ ਕਿਸੇ ਨਾ ਕਿਸੇ ਢੰਗ ਨਾਲ ਪੰਥ ਦੀ ਨਿਸ਼ਕਾਮ ਸੇਵਾ ਵਿਚ ਅਤਿ ਲੀਨ ਹੋ ਕੇ ਆਪਣੇ ਆਪ ਨੂੰ ਸਮਰਪਿਤ ਕਰ ਦਿੰਦਾ ਹੈ, ਮੋਏ ਫੁੱਲਾਂ ਨੂੰ ਮਹਿਕਣ ਲਈ ਮਜਬੂਰ ਕਰ ਦਿੰਦਾ ਹੈ। ਬਾਲ ਉਮਰੇ ਹੀ ਸੰਗੀਤਕ ਰੁਚੀ ਹੋਣ ਕਾਰਨ ਆਪ ਕੀਰਤਨ ਕਲਾ ਦੇ ਮਾਹਿਰ ਬਣੇ ।ਭਾਈ ਅਵਤਾਰ ਸਿੰਘ ਜੀ 'ਹੰਸ' (ਪ੍ਰਿੰਸੀਪਲ) ਆਪਣੀ ਰਸਭਿੰਨੀ ਕੀਰਤਨ ਕਲਾ ਕਾਰਨ ਇਲਾਕੇ ਵਿਚ ਕਾਫ਼ੀ ਪ੍ਰਸਿੱਧ ਹਨ ਅਤੇ ਆਪਣੀ ਨਿਸ਼ਕਾਮ ਸੇਵਾ ਤਹਿਤ ਬੱਚਿਆਂ ਰੂਪੀ ਫੁੱਲਾਂ ਵਿਚ ਕੀਰਤਨ ਦੀ ਦਾਤ ਵੰਡ ਕੇ ਮਹਿਕਾ ਰਹੇ ਹਨ।

ਸਿੱਖੀ ਪ੍ਰਤੀ ਡੂੰਘਾ ਪ੍ਰੇਮ ਰੱਖਣ ਵਾਲੇ ਪਰਿਵਾਰ ਵਿਚ ਬਚਪਨ ਗੁਜ਼ਰਿਆ ਹੋਣ ਕਾਰਨ ਮੁੱਢ ਤੋਂ ਹੀ ਉਨ੍ਹਾਂ ਵਿਚ ਸਿੱਖ ਧਰਮ ਪ੍ਰਤੀ ਭਰਪੂਰ ਜਾਣਕਾਰੀ ਹਾਸਲ ਕਰਨ ਅਤੇ ਧਰਮ ਦਾ ਪ੍ਰਚਾਰ ਕਰਨ ਦੀ ਰੁਚੀ ਹੈ। ਪਿਤਾ ਹਰਬੰਸ ਸਿੰਘ ਜੀ ਹੰਸ ਆਪਣੇ ਪਰਿਵਾਰ ਸਮੇਤ ਗੁਰੂ ਘਰ ਵਿਚ ਗੁਰੂ ਘਰ ਦੇ ਕੀਰਤਨੀਏ ਵਜੋਂ ਸੇਵਾ ਨਿਭਾਉਂਦੇ ਸਨ ਅਤੇ ਇਲਾਕੇ ਦੇ ਸੁਪ੍ਰਸਿੱਧ ਸਿੱਖ ਵਿਦਵਾਨ ਸਨ। ਪਿਤਾ ਜੀ ਦੀ ਰਹਿਨੁਮਾਈ ਹੇਠ ਪਲ਼ੇ ਭਾਈ ਅਵਤਾਰ ਸਿੰਘ ਦਾ ਜੀਵਨ ਸਿੱਖ ਰਹਿਤ ਮਰਯਾਦਾ ਵਿਚ ਪੂਰਨ ਰੂਪ ਵਿਚ ਢਲ਼ਿਆ ਹੋਇਆ ਹੈ। ਸ. ਹਰਨੇਕ ਸਿੰਘ (ਰਿਟਾ.) ਬੀ.ਡੀ.ਪੀ.ਓ. ਅਨੁਸਾਰ ਭਾਈ ਅਵਤਾਰ ਸਿੰਘ ਨੇ ਟਕਸਾਲੀ ਪੂਰਨਿਆਂ 'ਤੇ ਰਹਿ ਕੇ ਹਮੇਸ਼ਾ ਹੀ ਸਿੱਖ ਰਹਿਤ ਮਰਯਾਦਾ ਦੀ ਡਟ ਕੇ ਪਾਲਣਾ ਕੀਤੀ ਅਤੇ ਕਰ ਰਹੇ ਹਨ।

ਭਾਈ ਸਾਹਿਬ ਦੀ ਸਿੱਖ ਪੰਥ ਪ੍ਰਤੀ ਗਹਿਰੀ ਪ੍ਰੇਮ ਭਾਵਨਾ ਤੋਂ ਪ੍ਰੇਰਿਤ ਹੋ ਕੇ ਹੋਰ ਵੀ ਕਈ ਨੌਜਵਾਨ ਪੰਥ ਪ੍ਰਚਾਰ ਵਿਚ ਯੋਗਦਾਨ ਪਾ ਰਹੇ ਹਨ।ਆਪ ਨੇ ਕੀਰਤਨ ਵਿੱਦਿਆ ਵਿਚ ਬੜੀ ਖ਼ੂਬਸੂਰਤ ਮੁਹਾਰਤ ਹਾਸਲ ਕੀਤੀ ਅਤੇ ਸਮੇਂ-ਸਮੇਂ 'ਤੇ ਵੱਖ-ਵੱਖ ਗੁਰੂ ਘਰਾਂ ਵਿਚ ਰਾਗੀ ਸਿੰਘ ਵਜੋਂ ਸੇਵਾ ਨਿਭਾਈ।ਸੰਨ 2003 ਤੋਂ ਸੰਤ ਅਤਰ ਸਿੰਘ ਗੁਰਮਤਿ ਸੰਗੀਤ ਵਿਦਿਆਲਾ ਮਸਤੂਆਣਾ ਸਾਹਿਬ ਵਿਖੇ ਬਤੌਰ ਪ੍ਰਿੰਸੀਪਲ ਸੇਵਾ ਨਿਭਾਉਂਦੇ ਆ ਰਹੇ ਹਨ ਅਤੇ ਸੰਤ ਅਤਰ ਸਿੰਘ ਗੁਰਮਤਿ ਕਾਲਜ ਵਿਖੇ ਵੀ ਪ੍ਰੋਫ਼ੈਸਰ ਵਜੋਂ ਆਪਣੀਆਂ ਸੇਵਾਵਾਂ ਪ੍ਰਦਾਨ ਕਰ ਰਹੇ ਹਨ।ਇਸ ਤੋਂ ਇਲਾਵਾ ਆਪ ਜੀ ਵਲੋਂ ਜ਼ਿਲੇ ਦੇ ਹੋਰਨਾਂ ਪਿੰਡਾਂ ਅਤੇ ਗੁਰਮਤਿ ਸੰਗੀਤ ਕੇਂਦਰਾਂ ਵਿਚ ਵੀ ਕਲਾਸਾਂ ਲਗਾ ਕੇ ਕੀਰਤਨ ਦੀ ਅਦੁੱਤੀ ਦਾਤ ਵਿਦਿਆਰਥੀਆਂ ਵਿਚ ਵੰਡ ਰਹੇ ਹੋ।

ਕੀਰਤਨ ਅਤੇ ਧਰਮ ਪ੍ਰਚਾਰ ਲਈ ਆਪ ਨੇ ਕੈਨੇਡਾ, ਸਿੰਘਾਪੁਰ, ਮਲੇਸ਼ੀਆ, ਹਾਂਗਕਾਂਗ ਆਦਿ ਦੇਸ਼ਾਂ ਦਾ ਵੀ ਦੌਰਾ ਕੀਤਾ।

ਵਰਤਮਾਨ ਸਮੇਂ ਵਿਚ ਭਾਈ ਸਾਹਿਬ ਗੁਰਦੁਆਰਾ ਸਾਹਿਬ ਮਹਿਲ ਮੁਬਾਰਿਕ ਸੰਗਰੂਰ ਵਿਖੇ ਰਾਗੀ

ਸਿੰਘ ਵਜੋਂ ਸੇਵਾ ਨਿਭਾਅ ਰਹੇ ਹਨ। ਕੀਰਤਨ ਕਰਦੇ ਹੋਏ ਉਨ੍ਹਾਂ ਦੀ ਗੁਰਸ਼ਬਦ ਕਰਨ ਵਿਚ ਸਪੱਸ਼ਟਤਾ ਅਤੇ ਸ਼ੁੱਧਤਾ ਵੀ ਲਾਸਾਨੀ ਹੈ। ਐਸੀ ਵੱਜਦ ਵਿਚ ਗਾਇਨ ਕਰਦੇ ਹਨ ਕਿ ਉਨ੍ਹਾਂ ਦੇ ਭਾਈ ਸਾਹਿਬ ਨੇ ਹਲਕੀਆਂ ਫੁਲਕੀਆਂ ਤਰਜ਼ਾਂ ਨੂੰ ਪਹਿਲ ਨਾ ਦਿੰਦੇ ਹੋਏ ਸਦਾ ਹੀ ਮਿਆਰੀ ਤੇ ਗੁਰਮਤਿ ਸ਼ੈਲੀ ਨੂੰ ਵੀ ਤਵੱਜੋਂ ਦਿੱਤੀ।

ਗੁਰਬਾਣੀ ਕੀਰਤਨ ਦੇ ਅਨਿੰਨ ਪ੍ਰੇਮੀ ਹੋਣ ਕਾਰਨ ਜ਼ਿਆਦਾ ਸਮਾਂ ਗੁਰਮਤਿ ਸੰਗੀਤ ਨੂੰ ਸਮਰਪਿਤ ਰਹਿੰਦੇ ਹਨ ਅਤੇ ਇਸ ਵਿਸ਼ੇ ਨਾਲ ਸਬੰਧਿਤ ਇਕ ਕਿਤਾਬ ਵੀ ਲਿਖ ਰਹੇ ਹਨ, ਜੋ ਅਗਾਮੀ ਸਮੇਂ ਵਿਚ ਪ੍ਰਕਾਸ਼ਿਤ ਹੋਣ ਵਾਲੀ ਹੈ। ਉਨ੍ਹਾਂ ਦੇ ਸਪੁੱਤਰ ਗੁਰਪ੍ਰੀਤ ਸਿੰਘ ਵੀ ਕੀਰਤਨ ਦੀ ਉਚੇਰੀ ਵਿਦਿਆ ਹਾਸਲ ਕਰ ਰਹੇ ਹਨ।

ਭਾਈ ਸਾਹਿਬ ਹਮੇਸ਼ਾ ਹੀ ਬੱਚਿਆਂ ਨੂੰ ਗੁਰੂ ਸ਼ਬਦ ਨਾਲ ਜੋੜਨ ਦੀ ਪ੍ਰੇਰਣਾ ਦਿੰਦੇ ਰਹੇ। ਨਿਮਰ ਭਾਵ ਅਤੇ ਮਿਲਾਪੜੇ ਸੁਭਾਅ ਦੇ ਮਾਲਿਕ ਹੋਣ ਕਾਰਨ ਭਾਈ ਸਾਹਿਬ ਦੀ ਸਖ਼ਸ਼ੀਅਤ ਦਾ ਹਰ ਇਕ ਵਿਅਕਤੀ 'ਤੇ ਪ੍ਰਭਾਵ ਪੈਂਦਾ ਹੈ। ਕੀਰਤਨੀਏ ਹੋਣ ਦੇ ਨਾਲ-ਨਾਲ ਆਪ ਜੀ ਵਲੋਂ ਸਿੱਖ ਪੰਥ ਦੇ ਪ੍ਰਚਾਰ 'ਚ ਵੀ ਮੋਹਰੀ ਰੋਲ ਅਦਾ ਕੀਤਾ ਜਾ ਰਿਹਾ ਹੈ। ਪ੍ਰਿੰਸੀਪਲ ਅਵਤਾਰ ਸਿੰਘ ਇਕ ਆਲਾ ਦਰਜੇ ਦੇ ਉਸਤਾਦ ਹੋਣ ਕਾਰਨ ਇਲਾਕੇ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਤੋਂ ਕਈ ਸ਼ਗਿਰਦ ਉਨ੍ਹਾਂ ਤੋਂ ਕੀਰਤਨ ਵਿੱਦਿਆ ਲੈ ਚੁੱਕੇ ਹਨ ਅਤੇ ਲੈ ਰਹੇ ਹਨ। ਉਨ੍ਹਾਂ ਹਮੇਸ਼ਾ ਹੀ ਨਿਸ਼ਕਾਮ ਸੇਵਾ ਨੂੰ ਹੀ ਪਹਿਲ ਦਿੱਤੀ ਅਤੇ ਸਾਰੀ ਉਮਰ ਹੀ ਆਪ ਨੇ ਨਿਸ਼ਕਾਮ ਕੀਰਤਨ ਦੀ ਅਦੁੱਤੀ ਦਾਤ ਨੂੰ ਵੰਡਿਆ।

ਕਿਸੇ ਸਮੇਂ ਮੇਰੇ ਚਾਚਾ ਜੀ ਦਲਵੀਰ ਸਿੰਘ ਵੀ ਉਨ੍ਹਾਂ ਸ਼ਗਿਰਦ ਰਹੇ ਹਨ। ਬਚਪਨ ਤੋਂ ਹੀ ਮੈਂ ਉਨ੍ਹਾਂ ਤੋਂ ਪ੍ਰਿੰਸੀਪਲ ਅਵਤਾਰ ਸਿੰਘ ਜੀ ਹੰਸ ਬਾਰੇ ਸੁਣਦਾ ਸਾਂ, ਉਦੋਂ ਤੋਂ ਹੀ ਮੇਰੇ ਮਨ ਵਿਚ ਇਕ ਚਾਹਨਾ ਉਪਜੀ ਕਿ ਮੈਂ ਵੀ ਕੀਰਤਨ ਤਾਲੀਮ ਹਾਸਲ ਕਰਾਂ, ਭਾਈ ਅਵਤਾਰ ਸਿੰਘ ਦਾ ਸ਼ਗਿਰਦ ਬਣਾਂ।

ਖ਼ੈਰ। ਅੱਜ ਮੈਂ ਉਨ੍ਹਾਂ ਦਾ ਸ਼ਗਿਰਦ ਬਣ ਕੇ ਆਪਣੇ ਆਪ ਨੂੰ ਸੁਭਾਗਾ ਅਨੁਭਵ ਕਰਦਾ ਹਾਂ ਕਿ ਉਹ ਮੇਰੇ ਉਸਤਾਦ ਹਨ।

ਮੋਬ. 76968-9121, ਸੰਗਰੂਰ।


# ਗੁਰਮਤਿ ਸੰਗੀਤ ਵਿਸ਼ੇਸ਼ ਅੰਕ-ਭਾਗ ਪਹਿਲਾ

ਇਸ ਅੰਕ ਵਿਚ : ਗੁਰਮਤਿ ਸੰਗੀਤ ਉਤਪਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਦੀ ਵਿਲੱਖਣਤਾ, ਗੁਰਮਤਿ ਸੰਗੀਤ ਵਿਚ ਰਾਗ ਦਾ ਮਹੱਤਵ, ਗੁਰਮਤਿ ਸੰਗੀਤ ਵਿਚ ਤਬਲਾਵਾਦਨ (ਜੋੜੀ), ਗੁਰਮਤਿ ਸੰਗੀਤ ਸ਼ਸਤਰ ਤੇ ਵਿਵਹਾਰ, ਗੁਰਮਤਿ ਸੰਗੀਤ ਦੇ ਪ੍ਰਥਮ ਕੀਰਤਨੀਏ ਭਾਈ ਮਰਦਾਨਾ ਜੀ, ਗੁਰਮਤਿ ਸੰਗੀਤ ਦੀ ਵਿੱਲਖਣਤਾ, ਗੁਰਮਤਿ ਸੰਗੀਤ ਦੀ ਕੀਰਤਨ ਚੌਕੀ-ਪਰੰਪਰਾ, ਗੁਰਮਤਿ ਸੰਗੀਤ ਵਿਚ ਰਾਗ ਗਉੜੀ ਤੇ ਉਸਦੇ ਪ੍ਰਕਾਰ, ਗੁਰਮਤਿ ਸੰਗੀਤ ਵਿਚ ਪ੍ਰਯੁਕਤ ਵਿਭਿੰਨ ਸਾਜ਼ ਅਤੇ ਉਹਨਾਂ ਦਾ ਮਹੱਤਵ ਲੇਖ ਸ਼ਾਮਲ ਹਨ।

ਜੇ ਤੁਹਾਨੂੰ ਇਹ ਅੰਕ ਚਾਹੀਦਾ ਹੈ ਤਾਂ ਸੰਪਰਕ ਕਰੋ ਜੀ:

ਡਾ. ਜਾਗੀਰ ਸਿੰਘ, ਸੰਪਾਦਕ 'ਅੰਮ੍ਰਿਤ ਕੀਰਤਨ',

ਮੋਬਾਇਲ : 9814053630

# ਰਾਗ ਰਾਮਕਲੀ

ਬਲਜਿੰਦਰ ਸਿੰਘ

ਵਾਦੀ-ਪੰਚਮ, ਸੰਵਾਦੀ-ਰਿਸ਼ਭ, ਥਾਟ-ਭੈਰਵ
ਜਾਤੀ-ਸ਼ਾੜਵ ਸੰਪੂਰਨ, ਸਮਾਂ-ਦਿਨ ਦਾ ਪਹਿਲਾ ਪਹਿਰ
ਆਰੋਹ- ਸ ਗ, ਮ ਪ, ਧੁ ਨੀ ਸਂ
ਅਵਰੋਹ- ਸਂ ਨੀ ਧੁ ਪ, ਮੇ ਪ ਧੁ ਨੁੀ ਧੁ ਪ, ਗ ਮ ਰੇੁ ਸ
ਮੁੱਖ ਅੰਗ - ਧੁ ਪ, ਮੇ ਪ ਧੁ ਨੁੀ ਧੁ ਪ, ਗ ਮ ਰੇੁ ਸ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਘ | | | | 2 | | | | 0 | | | | 3 | | | |
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| **ਸਥਾਈ** | | | | | | | | | | | | | | | |
| | | | | | | | | ਸਂ | ਨੀਧੁ | ਪ | ਪ | ਮੇਪ | ਧੁਨੁੀ | ਧੁ | ਪ |
| | | | | | | | | ਮੇ | ਰੇs | ਮ | ਨ | ਸs | ਤਿs | ਗੁ | ਰ |
| ਗ | – | ਗ | ਮ | ਰੇੁ | – | ਸ | – | ਸ | ਰੇੁ | ਗ | ਮ | ਪ | – | ਪ | – |
| ਸੇ | sਵਿ | ਸੁ | ਖ | ਹੋ | s | ਈ | s | ਜੋ | s | ਇ | s | ਛਹੁ | s | s | ਸੋ |
| ਮੇਂਪ | ਧੁਨੁੀ | ਧੁ | ਪ | ਗ | ਮ | ਰੇੁ | ਸ | ਗ | – | ਮ | – | ਧੁ | – | ਨੀ | – |
| ਈs | ss | ਫ | ਲ | ਪਾ | s | ਵਹੁ | s | ਫਿਰ | ਦੂ | ਖ | ਨ | ਵਿਆ | s | ਪੈ | s |
| ਪਧੁ | ਨੀਸਂ | ਰੇੁਂਸਂ | ਨੀਂਸਂ | ਸਂਨੀ | ਧੁਨ਼ੀ | ਧੁਪ | ਮੇਪ | | | | | | | | |
| ਕੋs | ss | ss | ss | ਈs | ss | ss | ss | | | | | | | | |
| **ਅੰਤਰਾ** | | | | | | | | | | | | | | | |
| | | | | | | | | ਗ | – | ਮ | – | ਧੁ | – | ਨੀ | – |
| | | | | | | | | ਕਿ | ਰ | ਪਾ | ਕ | ਰਹੁ | s | s | ਦੀ |
| ਸਂ | – | ਸਂ | – | ਗਂਰੇੁ | – | ਸਂ | – | ਸਂਸਂ | ਰੇੁਂਰੇੁ | ਗਂ | ਮੇਂ | ਰੇੁਂ | – | ਸਂ | – |
| s | ਨ | ਕੇ | s | ਦਾ | s | ਤੇ | s | ਮੇਰਾ | ਗੁਣ | ਅ | ਵ | ਗੁ | ਣ | ਨਾ | ਬੀ |
| ਸਂ | – | ਨੀਸਂ | ਰੇਂਸਂ | ਨੀਧੁ | – | ਪ | – | ਗ | – | ਮ | – | ਧੁ | – | ਨੀ | – |
| ਚਾ | s | ਰਹੁ | ss | ਕੋ | s | ਈ | s | s | ਮਾ | s | ਟੀ | ਕਾ | s | ਕਿਆ | s |
| ਸਂ | – | ਸਂ | – | ਰੇੁਂ | – | ਸਂ | – | ਸਂ | ਰੇੁਂ | ਗ | ਮ | ਰੇੁਂ | – | ਸਂ | – |
| ਧੋ | s | ਪੈ | s | ਸੁਆ | s | ਮੀ | s | ਮਾ | s | ਣ | ਸ | ਕੀ | s | ਗ | -ਤਿ |
| ਸਂ | – | ਨੀਸਂ | ਰੇੁਂਸਂ | ਨੀਧੁ | – | ਪ | – | ਸਂ | ਨੀਧੁ | ਪ | – | ਮੇ | – | ਪ | – |
| ਏ | s | ss | ss | ਹੀ | s | s | s | ਮਾ | ss | ਣ | ਸ | ਕੀ | s | ਗ | ਤਿ |
| ਮੇਪ | ਧੁਨੀ | ਧੁ | ਪ | ਗ | ਮ | ਰੇੁ | ਸ | | | | | | | | |
| ਏ | ss | s | s | ਹੀ | s | s | s | | | | | | | | |

ਅੰਗ ੯੮੨

ਰਾਗੁ ਰਾਮਕਲੀ ਮਹਲਾ ੫ ਘਰੁ ੧

Raag Raamkalee, Fifth Mehl, First House:

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

ਕਿਰਪਾ ਕਰਹੁ ਦੀਨ ਕੇ ਦਾਤੇ ਮੇਰਾ ਗੁਣੁ ਅਵਗਣੁ ਨ ਬੀਚਾਰਹੁ ਕੋਈ ॥

Have mercy on me, O Generous Giver, Lord of the meek; please do not consider my merits and demerits.

ਮਾਟੀ ਕਾ ਕਿਆ ਧੋਪੈ ਸੁਆਮੀ ਮਾਣਸ ਕੀ ਗਤਿ ਏਹੀ ॥੧॥

How can dust be washed? O my Lord and Master, such is the state of mankind. ||1||

ਮੇਰੇ ਮਨ ਸਤਿਗੁਰੁ ਸੇਵਿ ਸੁਖੁ ਹੋਈ ॥

O my mind, serve the True Guru, and be at peace.

ਜੋ ਇਛਹੁ ਸੋਈ ਫਲੁ ਪਾਵਹੁ ਫਿਰਿ ਦੂਖੁ ਨ ਵਿਆਪੈ ਕੋਈ ॥੧॥ ਰਹਾਉ ॥

Whatever you desire, you shall receive that reward, and you shall not be afflicted by pain any longer. ||1||Pause||

ਕਾਚੇ ਭਾਡੇ ਸਾਜਿ ਨਿਵਾਜੇ ਅੰਤਰਿ ਜੋਤਿ ਸਮਾਈ ॥

He creates and adorns the earthen vessels; He infuses His Light within them.

ਜੈਸਾ ਲਿਖਤੁ ਲਿਖਿਆ ਧੁਰਿ ਕਰਤੈ ਹਮ ਤੈਸੀ ਕਿਰਤਿ ਕਮਾਈ ॥੨॥

As is the destiny pre-ordained by the Creator, so are the deeds we do. ||2||

ਮਨੁ ਤਨੁ ਥਾਪਿ ਕੀਆ ਸਭੁ ਅਪਨਾ ਏਹੋ ਆਵਣ ਜਾਣਾ ॥

He believes the mind and body are all his own; this is the cause of his coming and going.

ਜਿਨਿ ਦੀਆ ਸੋ ਚਿਤਿ ਨ ਆਵੈ ਮੋਹਿ ਅੰਧੁ ਲਪਟਾਣਾ ॥੩॥

He does not think of the One who gave him these; he is blind, entangled in emotional attachment. ||3||

ਜਿਨਿ ਕੀਆ ਸੋਈ ਪ੍ਰਭੁ ਜਾਣੈ ਹਰਿ ਕਾ ਮਹਲੁ ਅਪਾਰਾ ॥

One who knows that God created him, reaches the Incomparable Mansion of the Lord's Presence.

ਭਗਤਿ ਕਰੀ ਹਰਿ ਕੇ ਗੁਣ ਗਾਵਾ ਨਾਨਕ ਦਾਸੁ ਤੁਮਾਰਾ ॥੪॥੧॥

Worshipping the Lord, I sing His Glorious Praises. Nanak is Your slave. ||4||1||


ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# ਭਜਹੁ ਗੋਬਿੰਦ

ੴ

## ਭਜਹੁ ਗੋਬਿੰਦ

## BHAJO GOBIND

ਗੁਰਬਾਣੀ ਕੀਰਤਨ

ਡਾ. ਜਾਗੀਰ ਸਿੰਘ, ਚੰਡੀਗੜ੍ਹ

- Bhajo Gobind
- Kirpa Nidh
- Sahib Nitania ka Taan
- Mere Sahiba

-ਭਜਹੁ ਗੋਬਿੰਦ - ਕ੍ਰਿਪਾ ਨਿਧਿ

- ਸਾਹਿਬ ਨਿਤਾਣਿਆਂ ਕਾ ਤਾਣ - ਮੇਰੇ ਸਾਹਿਬਾ


**DR. JAGIR SINGH**

# 422, Sector 15-A, Chandigarh

Ph : 0172-2772660, 098140 53630

e-mail : drjagirsingh@gmail.com

www.amritkirtan.com


ਇਸ ਸੀ. ਡੀ. ਨੂੰ ਮੁਫਤ ਪ੍ਰਾਪਤ ਕਰਨ ਲਈ ਆਪਣਾ ਨਾਮ ਅਤੇ ਐੱਡਰੈਸ

ਮੋਬਾਇਲ ਨੰ: 09814053630

ਉੱਤੇ ਐਸ. ਐੱਮ. ਐਸ. ਕਰੋ ਜੀ

## ਅੰਮ੍ਰਿਤ ਕੀਰਤਨ


# 422, ਸੈਕਟਰ 15-ਏ, ਚੰਡੀਗੜ੍ਹ-160 015

ਮੋਬਾਇਲ : 09814053630

**E-mail : drjagirsingh@gmail.com Website : www.amritkirtan.com**

Postal Regd. No. G/CHD /0045/2012-14 RNI Regd. No. 46788/89 ISSN 0972-2335

# A Unique Instrument of Gurmat Sangeet - Saranda



Guru Arjan Dev (1563-1606), fifth Sikh Guru, was a master musician and musicologist. He had a great passion for folk music, and looking at his contribution to the musical heritage of India, we see a huge line up which is influenced by folk traditions.

The Saranda took birth from his passion for music. However, there are varying statements and opinions by scholars as to who actually created the Saranda. Some say it was the idea of Guru Angad Dev Ji and was developed by Guru Ramdas Sahib, the fourth Guru. Examining the facts concerning that time period, and the musical interests related to that period, it makes more sense to believe that Guru Arjan Dev ji invented, or developed, the Saranda. He is said to have designed the Saranda (a large bowl-shaped string instrument, played with bow), which he himself played and used as the ideal accompaniment for the male voice.

The Saranda produces a hauntingly beautiful deep tone quality which sings in alternation and in support of the human voice.